# ਕੈਨੇਡਾ ਦਰਪਣ

ਮਈ 9, 1986

**May 9, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
Second Class Mail Reg. No. 5991
ਕੈਨੇਡਾ ਦਰਪਣ
The Canada Darpan
Punjabi Weekly Newspaper
Weekending MAY 9, 1986 Vol. 5 No. 18 Price 35¢ Out of Greater Vancouver 50¢ Ph. (604)581-4473

OUR TIME TO SHINE
THE BRITISH COLUMBIA PAVILION EXPO 86

## ਨੀਮ-ਫੌਜੀ ਦਸਤਿਆਂ ਨੇ 100 ਤੋਂ ਵੱਧ ਗ੍ਰਿਫਤਾਰ ਕੀਤੇ

# ਹਰਿਮੰਦਰ ਕੰਪਲੈਕਸ ਵਿਚੋਂ ਖਾੜਕੂ ਬਾਹਰ

## 'ਦੇਸ਼-ਵਿਰੋਧੀ ਨਾਅਰੇ ਸਹਿਨ ਨਹੀਂ ਕੀਤੇ ਜਾਣਗੇ'

ਅੰਮ੍ਰਿਤਸਰ — 29 ਅਪ੍ਰੈਲ ਨੂੰ ਅਖੌਤੀ ਪੰਜ ਮੈਂਬਰੀ ਕਮੇਟੀ ਨੇ ਅਖੌਤੀ ਖਾਲਿਸਤਾਨ ਦਾ ਐਲਾਨਨਾਮਾ ਜਾਰੀ ਕਰਕੇ ਪੁਲਸ ਨੂੰ ਮੌਕਾ ਦੇ ਦਿਤਾ ਕਿ ਪੁਲਸ ਅਤੇ ਨੀਮ ਫੌਜੀ ਦਸਤੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਣ ਸਿਆਸੀ ਸੂਤਰਾਂ ਅਨੁਸਾਰ ਪੁਲਸ ਤੇ ਨੀਮ ਫੌਜੀ ਦਸਤਿਆਂ ਦਾ ਦਾਖਲਾ ਫੈਡਰੇਸ਼ਨ, ਟਕਸਾਲ ਅਤੇ ਬਾਬਾ ਦਲ ਵਿਚ ਫੁੱਟ ਕਾਰਨ ਸੰਭਵ ਹੋ ਸਕਿਆ।

30 ਅਪ੍ਰੈਲ ਦੀ ਸਵੇਰ ਨੂੰ ਅਕਾਲੀ ਸਰਕਾਰ ਨੇ ਪੁਲਸ ਅਤੇ ਨੀਮ ਫੌਜੀ ਦਸਤਿਆਂ ਨੂੰ ਹਦਾਇਤ ਕਰ ਦਿਤੀ ਕਿ ਦੇਸ਼ ਵਿਰੋਧੀ ਨਾਹਰੇ ਹੁਣ ਹੋਰ ਨਹੀਂ ਸਹਿਣ ਕੀਤੇ ਜਾ ਸਕਦੇ।

ਪੁਲਸ ਅਤੇ ਨੀਮ ਫੌਜੀ ਦਸਤੇ ਗੁਰੂ ਰਾਮਦਾਸ ਸਰਾਂ ਵਿਚ 30 ਅਪ੍ਰੈਲ ਨੂੰ ਦਾਖਲ ਹੋਏ ਅਤੇ ਸੌ ਤੋਂ ਵੱਧ ਵਿਅਕਤੀ ਮੌਕੇ ਉਤੇ ਹੀ ਗ੍ਰਿਫਤਾਰ ਕਰ ਲਏ।

### ਪੁਲਸ ਮੁਖੀ ਦਾ ਬਿਆਨ

ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਨੇ ਬਾਅਦ ਵਿਚ ਕਿਹਾ ਕਿ ਕੰਪਲੈਕਸ ਵਿਚੋਂ ਸਾਰੇ ਗਲਤ ਅਨਸਰ ਫੜ ਲਏ ਗਏ ਹਨ ਅਤੇ ਬਿਨਾਂ ਕਿਸੇ ਖੂਨ ਖਰਾਬੇ ਦੇ ਸਾਰੀ ਮੁਹਿੰਮ ਸਫਲ ਰਹੀ ਹੈ।

### 'ਪੰਥਕ ਕਮੇਟੀ' ਦੇ ਮੈਂਬਰ ਭਜ ਗਏ

ਪਤਾ ਲੱਗਾ ਹੈ ਕਿ ਪੰਥਕ ਕਮੇਟੀ ਦੇ ਮੈਂਬਰ ਪਹਿਲਾਂ ਹੀ ਕੰਪਲੈਕਸ ਵਿਚੋਂ ਖਿਸਕ ਗਏ। ਬਹੁਤੇ ਫੜੇ ਜਾਣ ਵਾਲਿਆਂ ਵਿਚ ਫੈਡਰੇਸ਼ਨ ਦੇ ਮੈਂਬਰ ਅਤੇ ਟਕਸਾਲ ਦੇ ਮੈਂਬਰ ਸ਼ਾਮਲ ਹਨ।

### ਪੰਥਕ ਕਮੇਟੀ ਦੇ ਬਿਆਨ ਦੀ ਨਿਖੇਧੀ

ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਪੰਥਕ ਕਮੇਟੀ ਦੇ 'ਖਾਲਿਸਤਾਨ' ਬਾਰੇ ਬਿਆਨ ਨੂੰ ਬੇਹੂਦਾ ਕਰਾਰ ਦਿੰਦਿਆਂ ਕਿਹਾ ਕਿ ਇਹ ਅਤਿਵਾਦੀ ਅਨਸਰ ਅਤੇ ਇਹਨਾਂ ਨਾਲ ਬਦੇਸ਼ਾਂ ਵਿਚ ਸਾਜ਼ਬਾਜ਼ ਕਰਨ ਵਾਲੇ ਲੋਕਾਂ ਦੀ ਹਾਲਤ ਇਨੀ ਪਤਲੀ ਹੋ ਗਈ ਹੈ ਕਿ ਉਹ ਪੰਜਾਬ ਦੀ ਅਕਾਲੀ ਸਰਕਾਰ ਸਾਹਮਣੇ ਬੌਖਲਾ ਉਠੇ ਹਨ ਉਹਨਾਂ ਕਿਹਾ ਕਿ ਇਸ ਤਰ੍ਹਾਂ ਦੇ ਨਾਅਰੇ ਬਦੇਸ਼ਾਂ ਵਿਚ ਤਾਂ ਚਲ ਸਕਦੇ ਹਨ ਪਰ ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕ ਇਹਨਾਂ ਨਾਅਰਿਆਂ ਨੂੰ ਕੋਈ ਮਹੱਤਤਾ ਨਹੀਂ ਦਿੰਦੇ। ਆਮ ਲੋਕਾਂ ਨੇ ਇਸ ਘਟਨਾ ਬਾਰੇ ਕੋਈ ਪ੍ਰਤੀਕਰਮ ਨਹੀਂ ਦਿਖਾਇਆ।

### ਐਕਸਪੋ - 86 – 2 ਮਈ ਨੂੰ ਸ਼ੁਰੂ



ਐਕਸਪੋ-86 : ਵੈਨਕੂਵਰ ਦਾ ਐਕਸਪੋ ਸੈਂਟਰ

PURI INSURANCE AGENCIES
4543 Kingsway (Near Willingdon Ave.) Burnaby Ph. (604)430-5533
ਜੋ ਵੀ ਪੁਰੀ ਇਨਸ਼ੋਰੈਂਸ ਤੋਂ ਘਰਾਂ ਦੀ ਇਨਸ਼ੋਰੈਂਸ ਕਰਵਾਏਗਾ ਉਸਨੂੰ ਸਪੈਸ਼ਲ ਗਿਫਟ ਦਿੱਤਾ ਜਾਵੇਗਾ।
BEST RATES FOR HOME & COMMERCIAL INSURANCE
JANITORIAL BONDS AVAILABLE
ਇਨਸ਼ੋਰੈਂਸ ਲਈ ਅਸੀਂ ਵੀਜ਼ਾ ਤੇ ਮਾਸਟਰ ਕਾਰਡ ਵੀ ਲੈਂਦੇ ਹਾਂ
AUTOPLAN 86 RENEWALS
ਆਪਣੀਆਂ ਟੇਪਾਂ ਤੇ ਕਲੰਡਰ ਲੈਣਾ ਨਾ ਭੁੱਲਣਾ।

ਗੁਰਬੀਰ ਸਿੰਘ ਪੁਰੀ
MasterCard
VISA

ਅਮਰਜੀਤ ਕੌਰ ਪੁਰੀ

# ਕੈਨੇਡਾ ਵਿਚ ਪਹਿਲਾ ਸਿੱਖ ਫੌਜੀ ਬਣਿਆ — ਪਰ ਫੌਜ ਵਲੋਂ ਨੌਕਰੀ ਦੇਣ ਤੋਂ ਇਨਕਾਰ



ਕਾਰਨਵਾਲਸ(ਨੋਵਾ ਸਕੋਸ਼ੀਆ)— ਰਣਜੀਤ ਸਿੰਘ ਪਹਿਲਾ ਸਿੱਖ ਹੈ ਜਿਸ ਨੇ ਆਪਣੀ ਟਰੇਨਿੰਗ ਪੂਰੀ ਕਰ ਲਈ ਹੈ ਪਰ ਫੌਜੀ ਕਮਾਂਡਰ ਜੌਹਨ ਰਾਇਨ ਨੇ ਕਿਹਾ ਕਿ ਫੌਜ ਕੋਲ ਅਜਿਹੀ ਕੋਈ ਨੌਕਰੀ ਨਹੀਂ ਜਿਥੇ ਰਣਜੀਤ ਸਿੰਘ ਨੂੰ ਲਾਇਆ ਜਾ ਸਕੇ ਕਿਉਂਕਿ ਟੋਪੀ ਬਿਨਾਂ ਕੋਈ ਕੰਮ ਨਹੀਂ ਹੋ ਸਕਦਾ।

24 ਅਪ੍ਰੈਲ ਨੂੰ ਰਣਜੀਤ ਸਿੰਘ ਨੇ ਕੈਨੇਡੀਅਨ ਆਰਮਡ ਫੋਰਸਜ਼ ਦੇ ਰਕਰੂਟ ਸਕੂਲ ਤੋਂ ਆਪਣੀ ਡਿਗਰੀ ਹਾਸਲ ਕਰ ਲਈ ਪਰ ਕੋਰਸ ਪੂਰਾ ਹੋਣ ਤੋਂ ਬਾਅਦ ਹੀ ਰਣਜੀਤ ਸਿੰਘ ਨੂੰ ਕਹਿ ਦਿਤਾ ਗਿਆ ਕਿ ਉਹ ਪੱਗ ਨਾਲ ਫੌਜ ਵਿਚ ਨੌਕਰੀ ਨਹੀਂ ਕਰ ਸਕਦਾ।

ਇਸ ਤੋਂ ਪਹਿਲਾਂ ਪੁਸ਼ਾਕ ਦੇ ਮਾਮਲੇ ਉਤੇ ਫੌਜ ਨੇ ਕੁਝ ਤਬਦੀਲੀਆਂ ਕੀਤੀਆਂ ਹਨ ਅਤੇ ਓਂਟੇਰੀਓ ਦੇ ਸ਼ਹਿਰ ਮਾਰਕਹਾਮ ਦੇ ਰਹਿਣ ਵਾਲੇ ਰਣਜੀਤ ਸਿੰਘ ਨੂੰ ਪੱਗ ਅਤੇ ਦਾੜ੍ਹੀ ਰੱਖਣ ਦੀ ਇਜ਼ਾਜ਼ਤ ਦੇ ਦਿਤੀ ਗਈ ਸੀ।

ਪਰ ਗਰੈਜੂਏਸ਼ਨ ਦੇ ਸਮਾਗਮ ਤੋਂ ਪਿਛੋਂ ਮੇਜਰ ਜੌਹਨ ਰਾਇਨ ਜੋ ਕਿ ਸਕੂਲ ਦੇ ਐਕਟਿੰਗ ਕਮਾਂਡੈਂਟ ਹਨ ਨੇ ਕਿਹਾ ਕਿ ਫੌਜ ਵਿਚ ਕੋਈ ਅਜਿਹਾ ਟਰੇਡ ਨਹੀਂ ਹੈ ਜਿਥੇ ਰਣਜੀਤ ਸਿੰਘ ਨੂੰ ਟੋਪੀ ਨਾ ਪਾਉਣੀ ਪਵੇ।

ਮੇਜਰ ਰਾਇਨ ਨੇ ਮੰਨਿਆ ਕਿ ਬਹੁਤੀ ਵਾਰ ਟੋਪੀ ਦੀ ਲੋੜ ਨਹੀਂ ਪੈਂਦੀ ਪਰ ਕਿਸੇ ਵੀ ਫੌਜੀ ਨੂੰ ਕਿਸੇ ਸਮੇਂ ਲੜਾਈ ਤੇ ਸੱਦਿਆ ਜਾ ਸਕਦਾ ਹੈ ਤੇ ਉਥੇ ਫੌਜੀ ਨੂੰ ਟੋਪੀ ਲੈਣੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਅਟਵਾ ਸਰਕਾਰ ਦਾ ਬਣਾਇਆ ਹੋਇਆ ਹੈ।

ਰਣਜੀਤ ਸਿੰਘ ਤੋਪਖਾਨੇ ਦੀ ਨੌਕਰੀ ਵਿਚ ਜਾਣਾ ਚਾਹੁੰਦਾ ਸੀ ਪਰ ਹੁਣ ਉਹ ਟਰਾਂਟੋ ਪੁਲਸ ਵਿਚ ਭਰਤੀ ਹੋਣ ਬਾਰੇ ਸੋਚ ਰਿਹਾ ਹੈ।

## ਕਾਰ ਹਾਦਸੇ ਵਿਚ ਦਲਬੀਰ ਸਿੰਘ ਬਿਲਨ ਦੀ ਮੌਤ

ਡੈਲਟਾ — ਸੁਕੈਮਿਸ਼ ਦੇ ਰਹਿਣ ਵਾਲੇ 22 ਸਾਲਾ ਦਲਬੀਰ ਸਿੰਘ ਬਿਲਨ ਦੀ ਉਸ ਸਮੇਂ ਮੌਤ ਹੋ ਗਈ ਜਦ ਉਨ੍ਹਾਂ ਦੀ ਕਾਰ ਨੰਬਰ 10 ਹਾਈਵੇ ਉਤੇ ਬਿਜਲੀ ਦੇ ਖੰਭੇ ਨਾਲ ਜਾ ਟਕਰਾਈ। ਸ੍ਰੀ ਬਿਲਨ ਉਸ ਕਾਰ ਵਿਚ ਮੁਸਾਫਰ ਸਨ। ਇਹ ਹਾਦਸਾ ਨੰਬਰ 10 ਹਾਈਵੇ ਅਤੇ 72 ਐਵੇਨੀਊ ਦੇ ਨੇੜੇ ਵਾਪਰਿਆ।

ਇਸ ਹਾਦਸੇ ਵਿਚ ਤਿੰਨ ਵਿਅਕਤੀ ਹੋਰ ਜ਼ਖਮੀ ਹੋਏ।

## ਸਾਬਕਾ ਕਾਂਗਰਸੀ ਵਿਧਾਇਕ ਸੰਤ ਸਿੰਘ ਕਤਲ

ਅੰਮ੍ਰਿਤਸਰ — ਬਿਆਸ ਹਲਕੇ ਦੇ ਸਾਬਕਾ ਕਾਂਗਰਸੀ ਐਮ. ਐਲ. ਏ. ਸ੍ਰੀ ਸੰਤ ਸਿੰਘ ਪਿਛਲੇ ਦਿਨ ਅਤਿਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਸੰਤ ਸਿੰਘ ਉਤੇ ਇਸ ਤੋਂ ਪਹਿਲਾਂ ਵੀ ਹਮਲਾ ਹੋਇਆ ਸੀ ਪਰ ਉਸ ਸਮੇਂ ਉਹ ਬਚ ਗਏ ਸਨ। ਚਾਰ ਅਤਿਵਾਦੀਆਂ ਨੇ ਹਮਲਾ ਕਰਕੇ ਸ੍ਰੀ ਸੰਤ ਸਿੰਘ ਨੂੰ ਮੌਕੇ ਉਤੇ ਹੀ ਗੋਲੀਆਂ ਦਾ ਨਿਸ਼ਾਨਾ ਬਣਾ ਦਿਤਾ ਗਿਆ।

ਅੰਮ੍ਰਿਤਸਰ ਵਿਚ ਹੀ ਹਿੰਦੂ ਸੁਰਕਸ਼ਾ ਸੰਮਤੀ ਦੇ ਉਘੇ ਬੁਲਾਰੇ ਸ੍ਰੀ ਬਿੱਲਾ ਉਪਰ ਹਮਲਾ ਭੀੜਾਂ-ਭਰੇ ਬਾਜ਼ਾਰ ਵਿਚ ਕੀਤਾ ਗਿਆ। ਖਬਰਾਂ ਅਨੁਸਾਰ ਸ੍ਰੀ ਬਿੱਲਾ ਤਾਂ ਬਚ ਗਏ ਪਰ ਉਨ੍ਹਾਂ ਦਾ ਬਾਡੀਗਾਰਡ ਮੌਕੇ ਉਤੇ ਹੀ ਮਾਰਿਆ ਗਿਆ। ਗੋਲੀਆਂ ਦੀ ਲਪੇਟ ਵਿਚ ਦੋ ਵਿਅਕਤੀ ਹੋਰ ਵੀ ਆਏ ਜੋ ਜ਼ਖਮੀ ਹਾਲਤ ਵਿਚ ਹਸਪਤਾਲ ਪਹੁੰਚਾਏ ਗਏ।

## ਤਰਨਤਾਰਨ ਵਿਚ ਪਹਿਰੇਦਾਰ ਕਤਲ

ਐਤਵਾਰ ਦੀ ਰਾਤ ਨੂੰ ਤਰਨਤਾਰਨ ਦੇ ਗੁਰਦੁਆਰੇ ਵਿਚ ਇਕ ਸਿੱਖ ਪਹਿਰੇਦਾਰ ਗੋਲੀਆਂ ਦਾ ਨਿਸ਼ਾਨਾ ਬਣਿਆ। ਉਪਰੋਕਤ ਕਤਲ ਦੀਆਂ ਘਟਨਾਵਾਂ ਪਿਛਲੇ ਕਈ ਦਿਨਾਂ ਤੋਂ ਪੰਜਾਬ ਦੇ ਸ਼ਾਂਤ ਮਾਹੌਲ ਪਿਛੋਂ ਵਾਪਰੀਆਂ।

## ਡੈਲਟਾ-ਸਰੀ ਵਿਚ ਗਹਿਣਿਆਂ ਦੀ ਦੁਕਾਨ ਏ. ਸੀ. ਜਿਊਲਰਜ਼

ਡੈਲਟਾ — ਡੈਲਟਾ-ਸਰੀ ਦੀ ਇੰਡੀਆ ਮਾਰਕਿਟ ਵਿਚ ਸ੍ਰੀ ਸਤਪਾਲ ਵਰਮਾ ਵਲੋਂ ਗਹਿਣੇ ਬਨਾਉਣ ਦੀ ਪਹਿਲੀ ਦੁਕਾਨ ਦਾ ਉਦਘਾਟਨ 3 ਮਈ ਸ਼ਨਿਚਰਵਾਰ ਨੂੰ ਸਵੇਰੇ ਦਸ ਵਜੇ ਹੋ ਰਿਹਾ ਹੈ। ਡੈਲਟਾ-ਸਰੀ ਦੇ ਇਲਾਕੇ ਵਿਚ ਗਹਿਣਿਆਂ ਦੀ ਦੁਕਾਨ ਦੀ ਘਾਟ ਬੜੇ ਚਿਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਸ੍ਰੀ ਵਰਮਾ ਦੇ ਦੱਸਣ ਅਨੁਸਾਰ ਸ੍ਰੀ ਕੁਲਦੀਪ ਸਿੰਘ ਬਸਰਾ ਨੇ ਉਨ੍ਹਾਂ ਨੂੰ ਟਰਾਂਟੋ ਵਿਚ ਅਪਰੋਚ ਕਰਕੇ ਇਸ ਲਈ ਮਨਾ ਲਿਆ ਕਿ ਡੈਲਟਾ-ਸਰੀ ਵਿਚ ਉਹ ਦੁਕਾਨ ਜ਼ਰੂਰ ਖੋਲ੍ਹਣ ਤਾਕਿ ਡੈਲਟਾ-ਸਰੀ ਦੇ ਨਿਵਾਸੀਆਂ ਨੂੰ ਇਹ ਸੇਵਾ ਆਪਣੇ ਇਲਾਕੇ ਵਿਚ ਹੀ ਮਿਲ ਸਕੇ।

ਸ੍ਰੀ ਵਰਮਾ ਨੇ ਦੱਸਿਆ ਕਿ ਪਿਛਲੇ ਦਸ ਸਾਲ ਤੋਂ ਉਹ ਟਰਾਂਟੋ ਵਿਚ ਗਹਿਣਿਆਂ ਦੀ ਦੁਕਾਨ ਚਲਾ ਰਹੇ ਹਨ ਅਤੇ ਉਨ੍ਹਾਂ ਦਾ ਪਰਵਾਰ ਗਹਿਣਿਆਂ ਦੇ ਕੰਮ ਵਿਚ ਪਿਛਲੇ 40 ਸਾਲ ਤੋਂ ਫਗਵਾੜੇ ਵਿਚ ਬੜੀ ਪ੍ਰਬੀਨਤਾ ਨਾਲ ਕੰਮ ਚਲਾ ਰਿਹਾ ਹੈ।

ਸ੍ਰੀ ਕੁਲਦੀਪ ਸਿੰਘ ਬਸਰਾ ਨੇ ਦੱਸਿਆ ਕਿ ਇਸ ਪਰਵਾਰ ਦੀ ਸੁਹਰਤ ਫਗਵਾੜੇ ਦੇ ਇਲਾਕੇ ਵਿਚ ਬਹੁਤ ਹੈ ਅਤੇ ਉਨ੍ਹਾਂ ਨੇ ਸੋਚਿਆ ਕਿ ਇਨ੍ਹਾਂ ਦੀਆਂ ਸੇਵਾਵਾਂ ਦੀ ਇਥੇ ਬਹੁਤ ਜ਼ਰੂਰਤ ਹੈ। ਇਸ ਲਈ ਸ੍ਰੀ ਵਰਮਾ ਨੇ ਉਨ੍ਹਾਂ ਦੇ ਕਹਿਣੇ ਉਤੇ ਗੱਲ ਮੰਨ ਲਈ ਅਤੇ ਇਸ ਦੁਕਾਨ ਖੋਲ੍ਹਣ ਦਾ ਮਨ ਬਣਾ ਲਿਆ।

'ਕੈਨੇਡਾ ਦਰਪਣ' ਸ੍ਰੀ ਵਰਮਾ, ਅਤੇ ਏ. ਸੀ. ਜਿਊਲਰਜ਼ ਨੂੰ ਨਵੀਂ ਦੁਕਾਨ ਖੋਲ੍ਹਣ ਦੀ ਖੁਸ਼ੀ ਦੀਆਂ ਸ਼ੁਭ ਇਛਾਵਾਂ ਭੇਟ ਕਰਦਾ ਹੈ।

## ਪੁਲਸ ਨੇ ਅੰਗੂਠਾ ਤੋੜ ਸੁਟਿਆ

ਵੈਨਕੂਵਰ — 'ਪ੍ਰੋਵਿੰਸ' ਅਖਬਾਰ ਦੀ ਖਬਰ ਅਨੁਸਾਰ ਸੁਰਿੰਦਰ ਸਿੰਘ ਸੰਘਾ ਨਾਂ ਦੇ ਵਿਅਕਤੀ ਨੇ ਕੋਰਟ ਵਿਚ ਕੇਸ ਕੀਤਾ ਹੈ ਕਿ ਪੁਲਸ ਨੇ ਉਸਦੇ ਖੱਬੇ ਹੱਥ ਦਾ ਅੰਗੂਠਾ ਤੋੜ ਦਿਤਾ ਹੈ। ਅੰਗੂਠਾ ਉਸ ਸਮੇਂ ਟੁਟਿਆ ਜਦੋਂ ਪੁਲਸ ਦੇ ਚਾਰ ਸਿਪਾਹੀਆਂ ਨੇ ਸ੍ਰੀ ਸੰਘਾ ਨੂੰ ਘੜੀਸ ਕੇ ਪੈਡੀ ਵੈਗਨ ਵਿਚ ਸੁਟਿਆ।

ਸ੍ਰੀ ਸੰਘਾ ਨੇ ਦੱਸਿਆ ਕਿ ਪੁਲਸ ਨੂੰ ਰੀਪੋਰਟ ਮਿਲੀ ਸੀ ਕਿ ਇਥੇ ਕੋਈ ਝਗੜਾ ਹੋਇਆ ਹੈ। ਜਦੋਂ ਸ੍ਰੀ ਸੰਘਾ ਨੂੰ ਘੜੀਸ ਕੇ ਵੈਗਨ ਵਿਚ ਸੁਟਿਆ ਤਾਂ ਅੰਗੂਠਾ ਵੈਗਨ ਦੇ ਦਰਵਾਜ਼ੇ ਵਿਚ ਆ ਗਿਆ।

ਸ੍ਰੀ ਸੰਘਾ ਜੈਨੀਟਰ ਦਾ ਕੰਮ ਕਰਦੇ ਦੱਸੇ ਗਏ ਹਨ।

## ਹਰਿਆਣਾ ਕਾਂਗਰਸ ਦੇ ਪ੍ਰਧਾਨ ਨੇ ਅਸਤੀਫਾ ਦੇ ਦਿਤਾ

ਨਵੀਂ ਦਿੱਲੀ — ਹਰਿਆਣਾ ਕਾਂਗਰਸ ਕਮੇਟੀ ਦੇ ਪ੍ਰਧਾਨ ਬੀਰੇਂਦਰ ਸਿੰਘ ਨੇ ਅਸਤੀਫਾ ਦੇ ਦਿਤਾ ਹੈ। ਕਾਂਗਰਸ ਆਈ. ਦੀ ਜਨਰਲ ਸਕੱਤਰ ਸ੍ਰੀਮਤੀ ਨਜ਼ਮਾ ਹਪਤੁੱਲਾ ਨੇ ਕਿਹਾ ਕਿ ਉਹਨਾਂ ਦਾ ਅਸਤੀਫਾ ਮਨਜ਼ੂਰ ਕਰ ਲਿਆ ਹੈ।

ਆਸ ਕੀਤੀ ਜਾਂਦੀ ਹੈ ਕਿ ਰਣਧੀਰ ਸਿੰਘ ਨਵੇਂ ਹਰਿਆਣਾ ਕਾਂਗਰਸ ਦੇ ਪ੍ਰਧਾਨ ਬਣਾਏ ਜਾਣਗੇ।


## ਪਿੱਕਰਾਂ ਦੀ ਲੋੜ!

ਫਾਰਮ ਵਾਸਤੇ ਪਿੱਕਰਾਂ ਦੀ ਲੋੜ ਹੈ। ਗੋਭੀ ਦਾ ਕੰਮ ਚੱਲ ਰਿਹਾ ਹੈ। ਪੂਰੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਲਈ ਫੋਨ ਕਰੋ। ਸਟਰਾਅ ਬੇਰੀ ਤੇ ਰਸਬੇਰੀ ਦਾ ਕੰਮ ਵੀ ਹੋਵੇਗਾ।

**ਟਰੈਕਟਰ ਡਰਾਈਵਰ ਦੀ ਵੀ ਲੋੜ ਹੈ**

ਹੋਰ ਜਾਣਕਾਰੀ ਲਈ ਫੋਨ ਕਰੋ :

591-9459 ਜਾਂ

251-4217

**ਜਸਮਿੰਦਰ ਸਿੰਘ ਘੁਮਾਣ**



L/R

**THINKING OF BUYING or SELLING**

(RESIDENTIAL, COMMERCIAL, FARMS & INDUSTRIAL)

Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE

Call

**NIRMAL (NEIL) DHALIWAL**

**Bus: 588-9955 Res: 597-2069**



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.


ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ

ਚਿਟ ਨੰਬਰ ______
ਪੁਰਾਣਾ ਪਤਾ ______
______
______
______
ਨਵਾਂ ਪਤਾ ਸਟਰੀਟ/ਐਵੇਨਿਊ ______
ਟਾਊਨ ______
ਸਟੇਟ ______
ਪੋਸਟਲ ਕੋਡ ______
ਫੋਨ ਨੰਬਰ ______

# ਇੰਦਰਜੀਤ ਸਿੰਘ ਰਿਆਤ ਨੇ ਦੋ ਦੋਸ਼ ਕੋਰਟ ਵਿਚ ਮੰਨ ਲਏ

ਡੰਕਨ — ਡੰਕਨ ਨਿਵਾਸੀ ਇੰਦਰਜੀਤ ਸਿੰਘ ਰਿਆਤ ਨੇ ਡੰਕਨ ਦੀ ਪ੍ਰੋਵਿੰਨਸ਼ਲ ਕੋਰਟ ਵਿਚ 20 ਅਪ੍ਰੈਲ ਨੂੰ ਬਾਰੂਦ ਨਾਲ ਸਬੰਧਤ ਦੋ ਦੋਸ਼ ਮੰਨ ਲਏ ਹਨ। ਯਾਦ ਰਹੇ ਕਿ ਇੰਦਰਜੀਤ ਸਿੰਘ ਰਿਆਤ ਅਤੇ ਤਲਵਿੰਦਰ ਸਿੰਘ ਪਰਮਾਰ ਨੂੰ ਕੁਝ ਮਹੀਨੇ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ ਪਰ ਜਿਥੇ ਇੰਦਰਜੀਤ ਸਿੰਘ ਰਿਆਤ ਉਤੇ ਚਾਰ ਦੋਸ਼ ਲਾਏ ਗਏ ਸਨ ਉਥੇ ਤਲਵਿੰਦਰ ਸਿੰਘ ਪਰਮਾਰ ਉਤੇ ਲਾਏ ਦੋਸ਼ ਪੁਲੀਸ ਨੇ ਵਾਪਸ ਲੈ ਲਏ ਸਨ ਅਤੇ ਕਿਹਾ ਸੀ ਕਿ ਪਰਮਾਰ ਉਤੇ ਕੇਸ ਚਲਾਉਣ ਲਈ ਸਬੂਤ ਮੌਜੂਦ ਨਹੀਂ ਸਨ।

ਇੰਦਰਜੀਤ ਸਿੰਘ ਰਿਆਤ ਨੂੰ ਸਜ਼ਾ 23 ਮਈ ਨੂੰ ਸੁਣਾਈ ਜਾਵੇਗੀ।



Hon'ble Mr. Tom Siddon

With Mr. Sunil Ahuja and Darshan Gill

# ਅਫਗਾਨਸਤਾਨ ਵਿਚ ਕਰਮਾਲ ਦੀ ਥਾਂ ਨਵਾਂ ਪ੍ਰਧਾਨ ਬਣਨ ਦੀ ਸੰਭਾਵਨਾ

ਨਵੀਂ ਦਿੱਲੀ — ਅਫਗਾਨਿਸਤਾਨ ਵਿਚ ਲੀਡਰਸ਼ਿਪ ਦੀ ਤਬਦੀਲੀ ਦੀਆਂ ਅਫਵਾਹਾਂ ਜ਼ੋਰ ਫੜ ਰਹੀਆਂ ਹਨ। ਪੱਛਮੀ ਮੀਡੀਏ ਅਨੁਸਾਰ ਅਫਗਾਨਿਸਤਾਨ ਦੇ ਛੇ ਸਾਲ ਤੋਂ ਚਲੇ ਆ ਰਹੇ ਪ੍ਰਧਾਨ ਸ੍ਰੀ ਕਰਮਾਲ ਦੀ ਥਾਂ ਪ੍ਰਧਾਨ ਮੰਤਰੀ ਸੁਲਤਾਨ ਅਲੀ ਕੇਸ਼ਟਰਾਂਡ ਨੂੰ ਨਵਾਂ ਪ੍ਰਧਾਨ ਬਣਾਏ ਜਾਣ ਦੀ ਸੰਭਾਵਨਾ ਹੈ।

ਸ੍ਰੀ ਬਬਰਕ ਕਰਮਾਲ ਅੱਜ ਕੱਲ ਮਾਸਕੋ ਵਿਚ ਹਨ। ਇਸੇ ਕਰਕੇ ਇਹ ਅਫਵਾਹਾਂ ਜ਼ੋਰ ਫੜ ਰਹੀਆਂ ਹਨ।

# ਫਿਲਪੀਨ ਵਿਚ ਗੁਰੀ-ਲਿਆਂ ਦੀ ਫੜੋ ਫੜੀ ਜਾਰੀ

ਮਨੀਲਾ — ਫਿਲਪੀਨਜ਼ ਵਿਚ ਅਕੀਨੋ ਸਰਕਾਰ ਨੇ ਗੁਰੀਲਾ ਦਸਤਿਆਂ ਉਪਰ ਸਖਤੀ ਸ਼ੁਰੂ ਕਰ ਦਿਤੀ ਹੈ। 2000 ਦੇ ਕਰੀਬ ਫੌਜੀ ਗੁਰੀਲਾ ਟਿਕਾਣਿਆਂ ਦੀ ਭਾਲ ਕਰ ਰਹੇ ਹਨ। ਹੈਲੀਕਾਪਟਰਾਂ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਇਹ ਦੋਸ਼ ਲਾਇਆ ਗਿਆ ਹੈ ਕਿ ਦੋ ਪੱਤਰਕਾਰਾਂ ਨੂੰ ਗੁਰੀਲਿਆਂ ਵਲੋਂ ਕਤਲ ਕੀਤੇ ਜਾਣ ਕਾਰਨ ਇਹ ਕਦਮ ਚੁਕੇ ਜਾ ਰਹੇ ਹਨ।

# ਅਮਰੀਕਨ ਦੂਤਘਰ ਉਤੇ ਬੰਬਾਰੀ

ਸਿਨਤਿਆਗੋ — ਚਿੱਲੀ ਦੀ ਫੌਜੀ ਡਿਕਟੇਟਰਸ਼ਿਪ ਵਿਰੁੱਧ ਲੜਦੇ ਗੁਰੀਲਿਆਂ ਨੇ ਸਿਨਤਿਆਗੋ ਸ਼ਹਿਰ ਵਿਚ 13 ਬੰਬ ਸੁੱਟੇ ਅਤੇ ਅਮਰੀਕਨ ਦੂਤਘਰ ਵੀ ਤਬਾਹ ਕਰ ਦਿਤਾ ਗਿਆ।

ਇਹ ਗੁਰੀਲੇ ਲਗਾਤਾਰ ਫੌਜੀ ਟਿਕਾਣਿਆਂ ਅਤੇ ਅਮਰੀਕਨ-ਪਿੱਠੂ ਸਰਕਾਰ ਦਾ ਤਖਤਾ ਉਲਟਾਉਣ ਲਈ ਚਿੱਲੀ ਦੀਆਂ ਫੌਜੀ ਟੋਲੀਆਂ ਉਤੇ ਹਮਲੇ ਕਰ ਰਹੇ ਹਨ।

ਇਸ ਬੰਬਾਰੀ ਵਿਚ ਚਾਰ ਚਿੱਲੀ ਦੇ ਫੌਜੀ ਬੁਰੀ ਤਰ੍ਹਾਂ ਜ਼ਖਮੀ ਹੋਣ ਦੀ ਵੀ ਖਬਰ ਹੈ।


**ਖੁਸ਼ਖਬਰੀ!** **ਖੁਸ਼ਖਬਰੀ!** **ਖੁਸ਼ਖਬਰੀ!**

ਡੈਲਟਾ-ਸਰੀ ਵਿਚ ਗਹਿਣੇ ਬਨਾਉਣ ਦੀ ਪਹਿਲੀ ਦੁਕਾਨ ਦੀ

# ਗਰੈਂਡ ਓਪਨਿੰਗ

## 3 ਮਈ, 1986 ਦਿਨ ਸ਼ਨਿਚਰਵਾਰ 10.00 ਵਜੇ

ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ — ਆਪਣੀ ਮਰਜ਼ੀ ਦੇ ਗਹਿਣੇ ਬਣਵਾਓ **ਏ. ਸੀ. ਜਿਊਲਰਜ਼** ਦੀ ਦੁਕਾਨ ਤੇ ਪਹੁੰਚੋ

ਫਗਵਾੜੇ ਵਾਲਿਆਂ ਦੀ ਦੁਕਾਨ — 40 ਸਾਲ ਦਾ ਤਜਰਬਾ — ਗਰੈਂਡ ਓਪਨਿੰਗ ਦੀ ਖੁਸ਼ੀ ਵਿਚ **ਵੰਗਾਂ ਦੀ ਬਣਵਾਈ ਕੇਵਲ 2 ਡਾਲਰ** (each)

ਨੋਟ : ਦੁਕਾਨ ਸਵੇਰੇ ਦਸ ਵਜੇ ਤੋਂ ਸ਼ਾਮ ਦੇ ਸੱਤ ਵਜੇ ਤੱਕ ਖੁਲ੍ਹੀ ਰਵ੍ਹੇਗੀ

ਚਾਹ ਪਾਣੀ ਦਾ ਪ੍ਰਬੰਧ ਵੀ ਹੋਵੇਗਾ

# A. C. JEWELLERS

9373 - 120 St. Delta, B.C.

**PH. 588-5808**

**THE CANADA DARPAN**
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

# ਮਹਾਨ ਮਜ਼ਦੂਰ ਦਿਵਸ ਦੀ ਸੌ ਸਾਲਾ ਬਰਸੀ

ਪਹਿਲੀ ਮਈ ਦਾ ਦਿਨ ਪਿਛਲੇ ਸੌ ਸਾਲਾਂ ਤੋਂ ਕੌਮਾਂਤਰੀ ਮਜ਼ਦੂਰ ਦਿਵਸ ਦੇ ਤੌਰ ਉਤੇ ਮਨਾਇਆ ਜਾਂਦਾ ਚਲਿਆ ਆ ਰਿਹਾ ਹੈ। ਪਹਿਲੀ ਮਈ 1986 ਨੂੰ ਅਮਰੀਕਾ ਦੇ 800,000 ਕਾਮਿਆਂ ਨੇ ਅੱਠ ਘੰਟੇ ਦੀ ਦਿਹਾੜੀ ਲਈ ਇਕ ਦਿਨ ਦੀ ਹੜਤਾਲ ਕੀਤੀ ਸੀ। ਉਨ੍ਹਾਂ ਦਿਨਾਂ ਵਿਚ ਹੀ ਸ਼ਿਕਾਗੋ ਦੇ ਸ਼ਹਿਰ ਦੇ ਇਕ ਫੈਕਟਰੀ ਦੇ 1500 ਮਜ਼ਦੂਰ ਤਾਲਾਬੰਦੀ ਕਾਰਨ ਫੈਕਟਰੀ ਦੇ ਅਗੇ ਪਿਕਟ ਲਗਾ ਰਹੇ ਸਨ। ਪ੍ਰੰਤੂ ਫੈਕਟਰੀ ਦੇ ਮਾਲਕ ਪੁਲਸ ਦੀ ਮਦਦ ਦੇ ਨਾਲ ਕੁਝ "ਹੜਤਾਲ ਤੋੜੂ ਮਜ਼ਦੂਰ" ਲੈ ਆਏ, ਜਿਨ੍ਹਾਂ ਨੂੰ ਫੈਕਟਰੀ ਅੰਦਰ ਲੰਘਣ ਤੋਂ ਜਦੋਂ ਪਿਕਟ ਵਾਲੇ ਮਜ਼ਦੂਰਾਂ ਰੋਕਿਆ ਤਾਂ ਪੁਲੀਸ ਨੇ ਗੋਲੀ ਚਲਾ ਦਿਤੀ ਅਤੇ ਚਾਰ ਮਜ਼ਦੂਰ ਸ਼ਹੀਦ ਕਰ ਦਿਤੇ ਗਏ ਅਤੇ ਅਨੇਕਾਂ ਜ਼ਖਮੀ ਹੋਏ। ਇਹ ਘਟਨਾ 3 ਮਈ ਦੀ ਹੈ। ਉਸੇ ਸ਼ਾਮ ਨੂੰ ਚੁਭਾਊ ਮਜ਼ਦੂਰਾਂ ਇਕ ਰੈਲੀ ਕੀਤੀ ਜਿਥੇ ਪੁਲੀਸ ਨੇ ਮਜ਼ਦੂਰਾਂ ਉਪਰ ਬਿਨਾਂ ਕਿਸੇ ਵਾਰਨਿੰਗ ਤੇ ਗੋਲੀ ਚਲਾ ਦਿਤੀ। ਕਿਸੇ ਨੇ ਪੁਲੀਸ ਉਪਰ ਬੰਬ ਸੁੱਟ ਦਿਤਾ ਜਿਸ ਨਾਲ ਕੁਝ ਪੁਲਸ ਵਾਲੇ ਜ਼ਖਮੀ ਹੋ ਗਏ ਅਤੇ ਦੋ ਮਾਰੇ ਵੀ ਗਏ। ਪੁਲੀਸ ਨੇ ਪੰਜ ਮਜ਼ਦੂਰ ਲੀਡਰਾਂ ਉਪਰ ਝੂਠਾ ਕੇਸ ਬਣਾ ਦਿਤਾ ਜਿਨ੍ਹਾਂ ਵਿਚੋਂ ਦੋ ਤਾਂ ਉਥੇ ਹੋ ਵੀ ਨਹੀਂ ਸਨ ਅਤੇ ਦੂਜੇ ਬਿਲਕੁਲ ਇਸ ਘਟਨਾ ਵਾਲੀ ਥਾਂ ਤੋਂ ਕਿਤੇ ਦੂਰ ਸਨ। ਜਿਨ੍ਹਾਂ ਨੂੰ ਮੁਕੱਦਮਾ ਚਲਾ ਕੇ ਫਾਂਸੀ ਲਾ ਦਿਤਾ ਗਿਆ।

ਪ੍ਰੰਤੂ 1889 ਵਿਚ ਕੌਮਾਂਤਰੀ ਮਜ਼ਦੂਰ ਕਾਂਗਰਸ ਨੇ ਅਮਰੀਕਾ ਦੇ ਮਜ਼ਦੂਰਾਂ ਦੇ ਡੈਲੀਗੇਟ ਦੇ ਇਕ ਮਤੇ ਨੂੰ ਪਰਵਾਨ ਕਰ ਲਿਆ ਜਿਸ ਅਨੁਸਾਰ ਪਹਿਲੀ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਦੇ ਤੌਰ ਉਪਰ ਪਰਵਾਨ ਕਰ ਲਿਆ ਗਿਆ।

ਇਹੋ ਇਤਿਹਾਸਕ ਦੌਰ ਸੀ ਜਦੋਂ ਯੂਰਪ ਅਤੇ ਅਮਰੀਕਾ ਵਿਚ ਸਨਅਤ ਲਗਣੀ ਆਰੰਭ ਹੋਈ ਸੀ, ਜਿਸ ਨਾਲ ਪੂੰਜੀਪਤੀ ਅਤੇ ਮਜ਼ਦੂਰ ਜਮਾਤ ਆਪਣਾ ਸਮਾਜਕ ਰੂਪ ਸਥਾਪਤ ਕਰਕੇ ਆਰਥਿਕ ਖੇਤਰ ਵਿਚ ਵਿਸ਼ੇਸ਼ ਕਾਰਕ ਬਣ ਗਏ ਸਨ। ਇਹੋ ਹੀ ਸਮਾਂ ਸੀ ਜਦੋਂ ਯੂਰਪ ਵਿਚ ਸਮਾਜਵਾਦੀ ਲਹਿਰ ਜ਼ੋਰਾਂ ਉਪਰ ਸੀ। ਮਜ਼ਦੂਰ ਜਮਾਤ ਦੇ ਇਤਿਹਾਸਕ ਰੋਲ ਨੂੰ ਸਮਝਕੇ ਉਸ ਸਮੇਂ ਦੇ ਮਹਾਨ ਚਿੰਤਕਾਂ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਮਜ਼ਦੂਰ ਜਮਾਤ ਨੂੰ ਰਾਜਨੀਤਕ ਪਰੋਗਰਾਮ ਦਿਤਾ ਕਿ ਉਨ੍ਹਾਂ ਸੰਸਾਰ ਦੇ ਸਾਰੇ ਉਜਰਤੀ ਪ੍ਰਬੰਧ ਨੂੰ, ਸਰਮਾਏਦਾਰੀ ਨਜ਼ਾਮ ਨੂੰ ਅਤੇ ਪਿਛਲੇ ਪ੍ਰਬੰਧਾਂ ਦੀ ਰਹਿੰਦ ਖੂੰਹਦ ਨੂੰ ਖਤਮ ਕਰਕੇ, ਸੰਸਾਰ ਦੇ ਲੋਕਾਂ ਨੂੰ ਹਰ ਤਰ੍ਹਾਂ ਦੀ ਲੁੱਟ ਤੋਂ ਮੁਕਤ ਕਰਨਾ ਹੈ। ਅਜ ਸੰਸਾਰ ਦਾ ਤੀਜਾ ਹਿੱਸਾ ਸਮਾਜਵਾਦ ਦੇ ਝੰਡੇ ਹੇਠ ਹੈ, ਜਿਸ ਨੇ ਸਿੱਧ ਕਰ ਦਿਤਾ ਹੈ ਕਿ ਮਜ਼ਦੂਰਾਂ ਕਿਸਾਨਾਂ ਅਤੇ ਆਮ ਲੋਕਾਂ ਦੀ ਬੰਦ ਖਲਾਸ ਮਜ਼ਦੂਰ ਜਮਾਤ ਦੀ ਅਗਵਾਈ ਵਾਲੇ ਰਾਜ ਤੋਂ ਬਿਨਾਂ ਸੰਭਵ ਨਹੀਂ ਹੈ।

ਇਹ ਸੰਖੇਪ ਵਿਚ ਮਈ ਦਿਵਸ ਦੀ ਫਲਾਸਫੀ ਨਾਲ ਸਬੰਧਿਤ ਇਤਿਹਾਸ ਦੀਆਂ ਲਾਇਨਾਂ ਹਨ। ਪ੍ਰੰਤੂ ਅਜੇ ਅਸੀਂ ਜਿਸ ਪ੍ਰਬੰਧ ਥੱਲੇ ਰਹਿ ਰਹੇ ਹਾਂ, ਏਥੇ ਅਖੌਤੀ 'ਆਜ਼ਾਦੀ' ਦੇ ਨਾਂ ਉਤੇ ਮਿੱਲਾਂ, ਫੈਕਟਰੀਆਂ, ਫਾਰਮਾਂ, ਹੋਟਲਾਂ ਅਤੇ ਹੋਰ ਕੰਮ ਦੇ ਥਾਵਾਂ ਉਪਰ ਕਿੰਨਾ ਕੰਮ ਦਾ ਪਰੈਸ਼ਰ ਹੈ, ਕਿੰਨੀ ਘੱਟ ਤਨਖਾਹ ਤੇ ਕੰਮ ਦੀਆਂ ਹਾਲਤਾਂ ਦਾ ਕੀ ਤਕਾਜ਼ਾ ਹੈ। ਜਿਥੇ ਕਿਧਰੇ ਯੂਨੀਅਨਾਂ ਹਨ, ਉਨ੍ਹਾਂ ਦੀਆਂ ਲਗਾਤਾਰ ਕੀਤੀਆਂ ਹੜਤਾਲਾਂ ਅਤੇ ਕੁਰਬਾਨੀਆਂ ਦੇ ਕਾਰਨ ਹੀ ਸਾਨੂੰ ਕੁਝ ਸਹੂਲਤਾਂ ਪ੍ਰਾਪਤ ਹਨ, ਪ੍ਰੰਤੂ ਬੀ. ਸੀ. ਸਰਕਾਰ ਅਤੇ ਫੈਡਰਲ ਸਰਕਾਰ ਜਿਸ ਨੀਤੀ ਤੇ ਚੱਲ ਰਹੀਆਂ ਹਨ, ਉਹ ਯੂਨੀਅਨਾਂ ਨੂੰ ਕਮਜ਼ੋਰ ਕਰਨ, ਯੂਨੀਅਨਾਂ ਨੂੰ ਖਤਮ ਕਰਨ ਜਾਂ ਯੂਨੀਅਨਾਂ ਬਣਨ ਤੋਂ ਰੋਕਣ ਵਾਲੀ ਹੈ।

ਇਹ ਮਈ ਦਿਵਸ ਦਾ ਸੁਨੇਹਾ ਹੈ ਕਿ ਜਿਥੇ ਯੂਨੀਅਨ ਹੈ ਨਹੀਂ, ਉਥੇ ਬਣਾਈ ਜਾਵੇ। ਜਿਥੇ ਯੂਨੀਅਨ ਹੈ ਉਸ ਨੂੰ ਮਜ਼ਬੂਤ ਕਰੋ। ਜਥੇਬੰਦ ਹੋਕੇ ਹਰ ਜ਼ੁਲਮ - ਸਿਤਮ ਦਾ ਮੁਕਾਬਲਾ ਕਰੋ। ਕਿਉਂਕਿ ਜੋ ਕੁਝ ਸਾਨੂੰ ਅੱਜ ਸਹੂਲਤਾਂ ਪ੍ਰਾਪਤ ਹਨ, ਇਹ ਸਾਡੇ ਪਹਿਲੇ ਮਿਹਨਤਕਸ਼ ਮਜ਼ਦੂਰਾਂ ਦੀਆਂ ਜੱਦੋ ਜਹਿਦਾਂ ਅਤੇ ਕੁਰਬਾਨੀਆਂ ਦਾ ਹੀ ਸਿੱਟਾ ਹੈ। ਜੇਕਰ ਅਸੀਂ ਸਾਵਧਾਨ ਹੋ ਕੇ ਸਰਗਰਮ ਨਾ ਹੋਏ ਤਾਂ ਮਜ਼ਦੂਰ ਵਿਰੋਧੀ ਸਰਕਾਰਾਂ ਸਾਡੀਆਂ ਇਹ ਸਹੂਲਤਾਂ ਖਤਮ ਕਰ ਦੇਣਗੀਆਂ।

'ਕੈਨੇਡਾ ਦਰਪਣ' ਸੰਸਾਰ ਭਰ ਦੇ ਉਨ੍ਹਾਂ ਮਜ਼ਦੂਰਾਂ ਨੂੰ ਸਿਰ ਝੁਕਾਉਂਦਾ ਹੈ ਜਿਨ੍ਹਾਂ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਨ ਲਈ ਅਤੇ ਮਜ਼ਬੂਤ ਕਰਨ ਲਈ ਹੱਕਾਂ ਲਈ ਲੜਦਿਆਂ ਕੁਰਬਾਨੀਆਂ ਦਿੱਤੀਆਂ।

# ਪੰਜਾਬ ਡਾਇਰੀ : ਆਪਸੀ ਭਾਈਚਾਰਾ ਮਜ਼ਬੂਤ ਬਣਾਈਏ

—ਦਰਬਾਰਾ ਸਿੰਘ ਕਾਹਲੋਂ—

ਪੰਜਾਬ ਵਿਚ ਦਿਨ-ਬਦਿਨ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਜਿਥੇ ਸਰਕਾਰ, ਪ੍ਰਸ਼ਾਸਨ ਅਤੇ ਲੀਡਰਸ਼ਿਪ ਲਈ ਚੈਲਿੰਜ ਬਣੀ ਹੋਈ ਹੈ ਉਥੇ ਸ਼ਾਂਤੀ-ਪਸੰਦ ਸ਼ਹਿਰੀਆਂ ਲਈ ਨਿੱਤ ਦੀ ਸਿਰਦਰਦੀ। ਅਜੋਕੀ ਸਥਿਤੀ ਤਾਂ ਨੀਲਾ ਤਾਰਾ ਸੈਨਿਕ ਕਾਰਵਾਈ ਤੋਂ ਪਹਿਲਾਂ ਵਾਲੀ ਸਥਿਤੀ ਤੋਂ ਵੀ ਵਿਸਫੋਟਕ ਹੋ ਰਹੀ ਹੈ। ਦਿਨ ਦਿਹਾੜੇ ਆਤੰਕਵਾਦੀ ਘਟਨਾਵਾਂ ਕਾਰਨ ਲੁੱਟ-ਖੋਹ, ਕਤਲ ਅਤੇ ਪ੍ਰਸ਼ਾਸਨ ਨੂੰ ਬੇਦਿਲ ਕਰਨ ਦੀਆਂ ਵਾਰਦਾਤਾਂ ਵਿਚ ਵਾਧਾ ਹੋ ਰਿਹਾ ਹੈ।

## ਨਾਸੂਰ

ਅੱਜ ਭਾਰਤੀ ਲੋਕ ਤੰਤਰ ਦੀ ਹਿੱਕ 'ਤੇ ਦੋ ਨਾਸੂਰ ਰਿਸ ਰਹੇ ਹਨ ਜਿਨ੍ਹਾਂ ਦਾ ਇਲਾਜ ਰਾਜਨੀਤਕ ਡਾਕਟਰਾਂ ਪਾਸ ਨਹੀਂ। ਬਾਰ ਬਾਰ ਅਪਰੇਸ਼ਨ ਕਰਨ ਦੇ ਉਹ ਉਨ੍ਹਾਂ ਨਾਸੂਰਾਂ ਨੂੰ ਜੜ੍ਹਾਂ ਤੋਂ ਪੁੱਟਣ ਲਈ ਬੁਰੀ ਤਰ੍ਹਾਂ ਨਾਕਾਮਯਾਬ ਰਹੇ ਹਨ। ਪਹਿਲਾ ਨਾਸੂਰ ਕਸ਼ਮੀਰ ਸਮੱਸਿਆ ਵਜੋਂ ਪੰਡਤ ਨਹਿਰੂ ਵਲੋਂ ਇਸ ਦੇ ਯੋਗ ਹੱਲ ਦੀ ਅਸਫਲਤਾ ਅਤੇ ਸਮੇਂ-ਬੱਧ ਕਾਰਵਾਈ ਦੀ ਅਣਹੋਂਦ ਕਾਰਨ ਹੋਂਦ ਵਿਚ ਆਇਆ ਤੇ ਦੂਸਰਾ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਪੰਜਾਬ ਸਮੱਸਿਆ ਨੂੰ ਯੋਗ ਢੰਗ ਨਾਲ ਹੱਲ ਕਰਨ ਦੀ ਅਸਫਲਤਾ ਕਾਰਨ। ਕਸ਼ਮੀਰ ਸਮੱਸਿਆ ਨੇ ਜਿਥੇ ਸਾਨੂੰ ਬਾਹਰੀ ਸੁਰੱਖਿਆ ਦੇ ਤੌਰ 'ਤੇ ਉਲਝਾਇਆ ਹੋਇਆ ਹੈ ਉਥੇ ਪੰਜਾਬ ਸਮੱਸਿਆ ਨੇ ਸਾਨੂੰ ਅੰਦਰੂਨੀ ਸੁਰੱਖਿਆ ਦੇ ਤੌਰ 'ਤੇ ਬੁਰੀ ਤਰ੍ਹਾਂ ਬੌਂਦਲਾ ਦਿਤਾ ਹੈ

ਕੇਂਦਰ ਪੰਜਾਬ ਵਿਚਲੀ ਗੰਭੀਰ ਸਥਿਤੀ ਤੋਂ ਚਿੰਤਤ ਤਾਂ ਜ਼ਰੂਰ ਹੈ ਲੇਕਿਨ ਸੁਹਿਰਦ ਨਹੀਂ ਦਿਖਾਈ ਦਿੰਦਾ। ਪੰਜਾਬ ਸਮਝੌਤੇ ਦੇ ਅਮਲ ਵਿਚ ਦੇਰੀ ਅਤੇ ਇਸ ਪ੍ਰਤੀ ਸੁਹਿਰਦਤਾ ਦੇ ਖਦਸ਼ੇ ਕੇਂਦਰ ਦੀ ਨੀਯਤ 'ਤੇ ਸ਼ੱਕ ਪੈਦਾ ਕਰਨ ਲਈ ਠੋਸ ਆਧਾਰ ਹਨ। ਹਰਿਆਣਾ ਵਿਚ ਅਗਲੇ ਸਾਲ ਅਸੈਂਬਲੀ ਚੋਣਾਂ ਨੂੰ ਮੱਦੇ ਨਜ਼ਰ ਰੱਖ ਕੇ ਇਕ ਪਾਸੇ ਹਕੂਮਤ ਅਤੇ ਦੂਜੇ ਪਾਸੇ ਵਿਰੋਧੀ ਰੈਲੀਆਂ ਕਰ ਕਰਕੇ ਪੰਜਾਬ ਸਮਝੌਤੇ ਨੂੰ ਤਾਰਪੀਡੋ ਕਰਨ ਲਈ ਆਪਣੇ ਤੇਜ਼ ਅਤੇ ਭੜਕੀਲੇ ਬਿਆਨਾਂ ਰਾਹੀਂ ਕੇਂਦਰੀ ਲੀਡਰਸ਼ਿਪ ਨੂੰ ਗੁੰਮਰਾਹ ਕਰਨ ਵਿਚ ਸਫਲ ਹੋ ਰਹੇ ਹਨ। ਕੇਂਦਰ ਜਿਹਾ ਕਿ ਪ੍ਰਧਾਨ ਮੰਤਰੀ ਦੇ ਬਿਆਨ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੇ ਅੰਦਰੂਨੀ ਮਾਮਲੇ ਵਿਚ ਦਖਲ ਨਹੀਂ ਦੇਣਾ ਚਾਹੁੰਦਾ ਅਤੇ ਸਿਰਫ ਬਰਨਾਲਾ ਸਰਕਾਰ ਨੂੰ ਅਮਨ-ਕਾਨੂੰਨ ਬਹਾਲ ਕਰਨ ਲਈ ਜ਼ਿੰਮੇਵਾਰੀ ਲੈਣ 'ਤੇ ਅਮਲ ਰਿਹਾ ਹੈ।

ਕੇਂਦਰ ਨੂੰ ਤਾਂ ਡਟ ਕੇ ਤੇ ਆਪਣੀ ਰਾਜਨੀਤਕ ਅਤੇ ਸੁਆਰਥੀ ਲਾਭਾਂ ਵਾਲੀ ਨੀਤੀ ਨੂੰ ਤਜ ਕੇ ਪੰਜਾਬ ਵਿਚ ਅਮਨ-ਕਾਨੂੰਨ ਸਥਿਰ ਕਰਨ ਲਈ ਮੱਦਦ ਕਰਨੀ ਚਾਹੀਦੀ ਹੈ। ਆਪਣੀ ਸੋਚ ਅਤੇ ਅਮਲ ਵਿਚ ਲੋਕਰਾਜੀ ਤਬਦੀਲੀਆਂ ਲਿਆ ਕੇ ਨਾਗਰਿਕਾਂ ਨਾਲ ਯੋਗ ਵਿਵਹਾਰ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। 'ਪੰਜਾਬ ਸਮਝੌਤੇ' ਨੂੰ ਅੱਖਰ ਅੱਖਰ ਲਾਗੂ ਕਰਨ' ਦੀ ਰਟ ਛੱਡ ਕੇ ਇਸ ਨੂੰ ਤੁਰੰਤ ਇਕ ਨਿਸਚਿਤ ਸਮੇਂ ਵਿਚ ਲਾਗੂ ਕਰਨਾ ਚਾਹੀਦਾ ਹੈ।

ਅਕਾਲੀ ਸਰਕਾਰ ਹੋਂਦ ਵਿਚ ਆਉਣ ਅਤੇ ਪੰਜਾਬ ਸਮਝੌਤੇ 'ਤੇ ਅਮਲ ਸ਼ੁਰੂ ਹੋਣ ਤੋਂ ਆਮ ਲੋਕਾਂ ਨੂੰ ਇਹ ਭੁਲੇਖਾ ਪਿਆ ਕਿ ਹੁਣ ਪੰਜਾਬ ਵਿਚ ਸ਼ਾਂਤੀ ਪੈਦਾ ਹੋ ਜਾਵੇਗੀ। ਪਰ ਹੋਇਆ ਇਹ ਕਿ ਸਰਕਾਰ ਬਣਨ 'ਤੇ ਅਕਾਲੀ ਲੀਡਰਾਂ ਵਿਚ ਆਪਸੀ ਖਿੱਚੋਤਾਣ ਵਧਣੀ ਸ਼ੁਰੂ ਹੋ ਗਈ।

ਪੰਜਾਬ ਵਿਚ ਅਕਾਲੀ ਸਰਕਾਰ ਬਣਨ ਤੋਂ ਬਾਅਦ ਹੋਂਦ ਵਿਚ ਆਈ ਲੀਡਰਸ਼ਿਪ ਨੂੰ ਕੇਂਦਰ ਸਰਕਾਰ 'ਤੇ ਨਾ ਸਿਰਫ ਪੰਜਾਬ ਸਮਝੌਤੇ ਦੇ ਤੁਰੰਤ ਅਮਲ ਦਾ ਸਗੋਂ ਪੂਰਨ ਆਰਥਿਕ ਅਤੇ ਨੈਤਿਕ ਸਹਾਇਤਾ ਦਾ ਵੀ ਪੂਰਾ ਭਰੋਸਾ ਸੀ। ਗੱਦੀ 'ਤੇ ਬੈਠਦਿਆਂ ਬੇਦੋਸ਼ੇ ਨੌਜਵਾਨਾਂ ਦੀਆਂ ਰਿਹਾਈਆਂ ਦਾ ਕੰਮ ਬੈਂਸ ਕਮੇਟੀ ਅਧੀਨ ਤੇਜ਼ੀ ਪਕੜ ਗਿਆ। ਧਰਮ ਯੁੱਧ ਦੌਰਾਨ ਮਾਰ ਹੇਠ ਆਏ ਬੇਰੁਜ਼ਗਾਰ ਨੌਜਵਾਨਾਂ ਲਈ ਨੌਕਰੀਆਂ ਦਾ ਵੱਡਾ ਪ੍ਰੋਗਰਾਮ ਉਲੀਕਿਆ ਗਿਆ। ਦਿੱਲੀ ਅਤੇ ਹੋਰ ਅਸਥਾਨਾ 'ਤੇ ਦੰਗਾਪੀੜਤ ਲੋਕਾਂ ਦੀ ਸਹਾਇਤਾ ਦਾ ਅਮਲ ਜ਼ੋਰ-ਸ਼ੋਰ ਨਾਲ ਸ਼ੁਰੂ ਹੋਇਆ। ਥੀਨ ਡੈਮ ਉਸਾਰੀ, ਕਪੂਰਥਲਾ ਵਿਖੇ ਕੋਚ ਫੈਕਟਰੀ ਆਦਿ ਕੰਮਾਂ ਵਿਚ ਕੇਂਦਰੀ ਸਹਾਇਤਾ ਕਾਰਨ ਅਜੋਕੀ ਲੀਡਰਸ਼ਿਪ ਕੁਝ ਕੁਝ ਤਾਕਤ ਦੇ ਨਸ਼ੇ ਵਿਚ ਆ ਗਈ ਤੇ ਆਪਸੀ ਖਿੱਚੋਤਾਣ ਹੋਰ ਵਧ ਗਈ।

ਇੰਜ ਅਕਾਲੀ ਦਲ ਵਿਚਲੀ ਆਪਸੀ ਖਿੱਚੋਤਾਣ ਸਦਕਾ ਪੰਜਾਬ ਦੇ ਅਮਨ-ਕਾਨੂੰਨ ਦੀ ਸਥਿਤੀ ਹੋਰ ਵਿਗੜੀ। ਪੰਜਾਬ ਵਿਚਲੀ ਸਰਕਾਰ ਆਪਣੇ ਵਿਰੋਧ ਕਾਰਨ ਹੀ ਕਮਜ਼ੋਰ ਹੁੰਦੀ ਗਈ।

ਅਕਾਲੀ ਦਲ ਦੇ ਆਪਸੀ ਗਰੁਪਾਂ ਵਿਚ ਖਿੱਚੋਤਾਣ ਅਤੇ ਅਕਾਲੀ ਦਲ ਲੌਂਗੋਵਾਲ ਵਿਚ ਆਪਸੀ ਤਾਕਤ ਯੁੱਧ ਕਾਰਨ ਪੈਦਾ ਹੋਈ ਸਥਿਤੀ ਤੋਂ ਕੇਂਦਰ ਨੇ ਪੂਰਾ ਫਾਇਦਾ ਉਠਾਇਆ। ਮੈਥਿਊ ਕਮਿਸ਼ਨ ਦੇ ਸਰੂਪ ਨੂੰ 'ਹੋਰ ਮੱਦਾਂ' ਲਫਜ਼ ਜੋੜ ਕੇ ਵਿਗਾੜਿਆ ਗਿਆ। ਪੰਜਾਬ ਸਰਕਾਰ ਨੂੰ 'ਮਿਨੀ ਜਨ-ਗਣਨਾ' ਭਾਸ਼ਾ ਦਾ ਪਤਾ ਕਰਨ ਲਈ ਕਰਵਾਉਣ ਵਿਚ ਸਹਾਇਤਾ ਦੇਣ ਲਈ ਮਜ਼ਬੂਰ ਕੀਤਾ ਗਿਆ

## ਅਮਲ

ਪੰਜਾਬ ਨੂੰ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਲਈ ਜ਼ਿੰਮੇਵਾਰ, ਠਹਿਰਾਇਆ ਗਿਆ ਅਤੇ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਨਾ ਦੇ ਕੇ ਸਮਝੌਤੇ ਨੂੰ ਤਾਰਪੀਡੋ ਕੀਤਾ ਗਿਆ। ਪੰਜਾਬ ਸਰਕਾਰ ਨੂੰ ਅਮਨ-ਕਾਨੂੰਨ ਦੀ ਸਥਿਤੀ ਲਈ ਵਿਰੋਧੀ ਧਿਰ ਨੇ ਵੀ ਖੂਬ ਛਿੱਲਿਆ। ਅੱਜ ਸਥਿਤੀ ਇਹ ਹੈ ਕਿ ਪੰਜਾਬ ਸਰਕਾਰ ਪੰਜਾਬ ਸਮਝੌਤੇ ਦੇ ਅਮਲ ਤੋਂ ਅੱਕ ਕੇ ਕੇਂਦਰ ਨਾਲ ਟਕਰਾਅ ਦੇ ਰੌਂਅ ਵਿਚ ਹੋ ਤੁਰੀ ਹੈ। ਸ਼ਕਤੀ ਦੀ ਅਵੰਡ ਕਾਰਨ ਅਕਾਲੀ ਦਲ ਅੰਦਰ ਅਤੇ ਇਸ ਦੇ ਵੱਖ ਵੱਖ ਧੜਿਆਂ ਅੰਦਰ ਖਿੱਚੋਤਾਣ ਵਧ ਚੁੱਕੀ ਹੈ। ਪੰਜਾਬ ਵਿਚਲੀ ਵਿਰੋਧੀ ਧਿਰ ਅਮਨ-ਕਾਨੂੰਨ ਦੀ ਰੱਖਿਆ ਦੀ ਨਾਕਾਮੀ ਕਾਰਨ ਸਰਕਾਰ ਤੋਂ ਅਸਤੀਫਾ ਮੰਗ ਰਹੀ ਹੈ ਅਤੇ ਕੇਂਦਰ ਨੂੰ ਦਖਲ ਅੰਦਾਜ਼ੀ ਕਰਨ ਲਈ ਕਹਿ ਰਹੀ ਹੈ। ਫਿਰਕੂ, ਅਤਿਵਾਦੀ ਅਤੇ ਵੱਖਵਾਦੀ ਅਨਸਰ ਨੇ ਭ੍ਰਿਸ਼ਟ ਪ੍ਰਸ਼ਾਸਨ ਨੂੰ ਭੈਭੀਤ ਕੀਤਾ ਹੋਇਆ ਹੈ। ਵਿਦੇਸ਼ੀ ਤਾਕਤਾਂ ਬੁਰੀ ਤਰ੍ਹਾਂ ਨਾਲ ਪੰਜਾਬ ਦੇ ਅਮਨ ਨੂੰ ਵਿਗਾੜਨ ਲਈ ਤੁਲੀਆਂ ਹੋਈਆਂ ਹਨ। ਐਸੀਆਂ ਵਿਰੋਧੀ ਹਾਲਤਾਂ ਵਿਚ ਪੰਜਾਬ ਸਰਕਾਰ ਇਕ ਵਚਿੱਤਰ ਸਥਿਤੀ ਵਿਚ ਫਸ ਗਈ ਹੈ। ਸੱਚਮੁੱਚ ਸਰਕਾਰ ਅਮਨ ਪੈਦਾ ਕਰਨ ਲਈ ਬੇਵਸ ਹੈ। ਐਸੀ ਸਥਿਤੀ ਨਾਲ ਨਿਪਟਣ ਲਈ ਜੋ ਲੋਕ ਪ੍ਰਸ਼ਾਸਨ ਨੂੰ ਫੌਜ ਹਵਾਲੇ ਕਰਨ ਜਾਂ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸੋਚਦੇ ਹਨ, ਸ਼ਾਇਦ ਇਹ ਭੁੱਲ ਗਏ ਹਨ ਕਿ ਪੰਜਾਬ ਨੇ ਇਹ ਸਭ ਕੁਝ ਪਹਿਲਾਂ ਹੀ ਹੰਢਾ ਕੇ ਵੇਖ ਲਿਆ ਹੈ।

## ਖਿਚੋਤਾਣ

ਅੱਜ ਜ਼ਰੂਰਤ ਹੈ ਅਫਿਰਕੂ, ਰਾਸ਼ਟਰੀ ਏਕਤਾ, ਅਖੰਡਤਾ, ਮਨੁੱਖੀ ਏਕਤਾ ਅਤੇ ਆਪਸੀ ਭਾਈਚਾਰੇ ਦੀ ਆਵਾਜ਼ ਨੂੰ ਬੁਲੰਦ ਕਰਨ ਦੀ। ਇਸ ਲਈ ਨਾ ਸਿਰਫ ਸਰਕਾਰ, ਪ੍ਰੈਸ, ਰੇਡੀਓ, ਟੈਲੀਵੀਜ਼ਨ ਨੂੰ ਇਸ ਕੰਮ ਲਈ ਯੁੱਧ-ਸਤੱਰ 'ਤੇ ਅਮਲ ਤੇ ਹਰਕਤ ਵਿਚ ਆਉਣਾ ਚਾਹੀਦਾ ਹੈ ਬਲਕਿ ਵਿਰੋਧੀ ਧਿਰ ਦੇ ਲੀਡਰਾਂ ਨੂੰ ਵੀ ਥਾਂ ਥਾਂ ਜਲਸੇ, ਜਲੂਸ ਅਤੇ ਰੈਲੀਆਂ ਕਰਕੇ ਲੋਕਾਂ ਵਿਚ ਆਪਸੀ ਵਿਸ਼ਵਾਸ਼ ਪੈਦਾ ਕਰਨਾ ਚਾਹੀਦਾ ਹੈ। ਇਸ ਕੰਮ ਲਈ ਪੰਜਾਬ ਦੀ ਹਰ ਪਾਰਟੀ ਦੀ ਲੀਡਰਸ਼ਿਪ ਨੂੰ ਇਕ ਦੂਜੇ ਦੇ ਮੂੰਹ ਵੱਲ ਨਹੀਂ ਵੇਖਣਾ ਚਾਹੀਦਾ ਅਤੇ ਆਪਣੇ ਸੌੜੇ ਨਿੱਜੀ, ਰਾਜਨੀਤਕ ਅਤੇ ਆਰਥਿਕ ਹਿਤ ਤਿਆਗ ਕੇ ਸੰਤ ਲੌਂਗੋਵਾਲ ਵਲੋਂ ਸ਼ੁਰੂ ਕੀਤੇ ਗਏ ਕਾਰਜ ਨੂੰ ਸਿਰੇ ਚੜ੍ਹਾਉਣਾ ਚਾਹੀਦਾ ਹੈ।

ਪੰਜਾਬ ਅੰਦਰ ਵੱਖ ਵੱਖ ਫਿਰਕਿਆਂ ਵਿਚ ਪਾਈ ਜਾਂਦੀ ਕੁੜਿੱਤਣ ਦਾ ਕਾਰਨ ਬਾਹਰੀ ਤੱਤ ਹਨ। ਹਰ ਪਾਰਟੀ ਨੂੰ ਪ੍ਰਸ਼ਾਸਨ ਵਲੋਂ ਬਣਾਈਆਂ ਅਮਨ ਕਮੇਟੀਆਂ 'ਤੇ ਨਿਰਭਰ ਨਹੀਂ ਕਰਨਾ ਚਾਹੀਦਾ ਕਿਉਂਕਿ ਉਸ ਵਿਚ ਸੁਆਰਥੀ ਤੱਤ ਮੌਜੂਦ ਹੁੰਦੇ ਹਨ। ਉਨ੍ਹਾਂ ਨੂੰ ਨਿਰਪੱਖ ਰੂਪ ਵਿਚ ਇਕ ਪਲੇਟਫਾਰਮ ਤੇ ਖਲੋ ਕੇ ਵੱਖਵਾਦੀ ਫਿਰਕੂ ਅਤੇ ਅਤਿਵਾਦੀ ਸ਼ਕਤੀਆਂ ਵਿਰੁੱਧ ਚੇਤੰਨ ਕਰਨਾ ਚਾਹੀਦਾ ਹੈ। ਜਦੋਂ ਸਾਡੇ ਵਿਚੋਂ ਵੱਖਵਾਦੀ, ਅਤਿਵਾਦੀ ਅਤੇ ਫਿਰਕੂ ਸੋਚ ਖਤਮ ਹੋ ਜਾਵੇਗੀ ਫਿਰ ਬਾਹਰੀ ਤੱਤ ਸਾਡੇ ਘੁਸ ਨਹੀਂ ਸਕਣਗੇ। ਖਾਲਸਾ ਪੰਥ ਦੇ ਪੈਰੋਕਾਰ ਜੋ ਮਨੁੱਖੀ ਏਕਤਾ, ਰੱਬੀ ਏਕਤਾ, ਬਰਾਬਰਤਾ, ਉਚ ਆਚਰਣ, ਸਰਬੱਤ ਦੇ ਭਲੇ, ਧਾਰਮਿਕ ਸਹਿਨਸ਼ੀਲਤਾ, ਇਨਸਾਫ ਅਤੇ ਸੱਚ ਵਿਚ ਵਿਸ਼ਵਾਸ਼ ਰੱਖਦੇ ਹਨ, ਨੂੰ ਸਿਰ ਤਲੀ 'ਤੇ ਧਰ ਕੇ ਪੰਜਾਬ ਨੂੰ ਅਜੋਕੀ ਵਿਸਫੋਟਕ ਅਮਨ-ਕਾਨੂੰਨ ਦੀ ਸਥਿਤੀ ਤੋਂ ਬਚਾਉਣ ਲਈ ਮੂਹਰਲੀ ਕਤਾਰ ਵਿਚ ਆ ਕੇ ਸਮੂਹ ਪੰਜਾਬੀਆਂ ਦੀ ਅਗਵਾਈ ਕਰਨੀ ਚਾਹੀਦੀ ਹੈ।

## ਸਵਾਲ

ਅੱਜ ਸਵਾਲ ਧਰਮ, ਵਿਰੋਧਤਾ ਅਤੇ ਤਾਕਤ ਦਾ ਨਹੀਂ, ਸਵਾਲ ਏਕਤਾ ਅਤੇ ਅਮਨ ਦਾ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਦੇ ਸਮੂਹ ਨਿਵਾਸੀ ਖੁਦ ਹੀ ਆਪਣੀ ਬੇੜੀ ਨੂੰ ਭੰਵਰ ਵਿਚੋਂ ਕੱਢਣ ਲਈ ਪੂਰਨ ਸੁਹਿਰਦਤਾ ਨਾਲ ਯਤਨਸ਼ੀਲ ਹੋਣਗੇ ਤੇ ਗੁਰੂ ਅਰਜਨ ਦੇਵ ਜੀ ਦੇ ਸੰਦੇਸ਼ 'ਨਾ ਕੋ ਬੈਰੀ ਨਾਹਿ ਬੇਗਾਨਾ' ਨੂੰ ਹਿਰਦੇ ਅੰਦਰ ਸਮੋਣਗੇ।

ਉਸ ਦਿਨ ਪਿੱਛੋਂ ਅਸਾਂ ਨਾ ਬੋਲਿਆ ਨਾ ਵੇਖਿਆ.
ਇਹ ਜ਼ਬਾਂ ਖ਼ਾਮੋਸ਼ ਹੋ ਗਈ 'ਤੇ ਨਜ਼ਰ ਪਥਰਾ ਗਈ.

ਇਸ਼ਕ ਨੂੰ ਸੌਗਾਤ ਜਿਹੜੀ ਪੀੜ ਸੋਂ ਤੂੰ ਦੇ ਗਿਓਂ,
ਅੰਤ ਉਹੋਓ ਪੀੜ ਸ਼ਿਵ ਨੂੰ ਖਾਂਦੀ ਖਾਂਦੀ ਖਾ ਗਈ.

**ਵਕੀਲ ਅਤੇ ਨੋਟਰੀ ਪਬਲਿਕ**

**Donald W.H. Yerka** B. Com. LLB.
(ਡੋਨਲਡ ਯਰਕਾ)

ਆਈ. ਸੀ. ਬੀ. ਸੀ. ਕਲੇਮ, ਇਨਸ਼ੋਰੈਂਸ ਕਲੇਮ, ਤਲਾਕ, ਪ੍ਰਵਾਰਕ ਮਾਮਲੇ, ਇਮਪੇਅਰਿਡ ਡਰਾਈਵਿੰਗ, ਫੌਜਦਾਰੀ ਕੇਸ, ਜ਼ਮੀਨ ਖ੍ਰੀਦਣ ਜਾਂ ਵੇਚਣ ਦੇ ਕਾਗਜ਼ਾਤ
ਪੰਜਾਬੀ ਵਿਚ ਗੱਲਬਾਤ ਲਈ ਪੂਰਾ ਪ੍ਰਬੰਧ

#210 - 535 W. 10th Ave.
Vancouver, B.C. Ph. 873-5225

**ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਲਈ**

ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਦੇ ਮਾਮਲੇ, ਅਰਜ਼ੀ ਭਰਨੀ, ਰਿਸ਼ਤੇਦਾਰ ਨੂੰ ਸਪੌਂਸਰ ਕਰਨਾ, ਰਿਫੀਊਜ਼ੀ ਕਲੇਮ, ਇਨਕੁਆਰੀ ਅਤੇ ਅਪੀਲਾਂ ਲਈ
ਮੁਫ਼ਤ ਮਸ਼ਵਰੇ ਲਈ ਮਿਲੋ
**ਬਾਬੂ ਜਿਮ ਨਰਾਇਣ**
ਜਿਨ੍ਹਾਂ ਦਾ ਇੰਮੀਗਰੇਸ਼ਨ ਦੇ ਮਾਮਲਿਆਂ ਵਿਚ 18 ਸਾਲ ਦਾ ਤਜਰਬਾ ਹੈ
ਹਿੰਦੀ ਤੇ ਪੰਜਾਬੀ ਵਿਚ ਗੱਲਬਾਤ ਕਰੋ
**Tel. (ਟੈਲੀਫੋਨ) 873-9441**
ਪਤਾ :
#210 - 535 W. 10th Ave. Vancouver, B.C.

## ਅਕਾਲ ਤਖਤ ਦੇ ਐਕਟਿੰਗ ਜਥੇਦਾਰ ਅਤੇ ਪੰਥਕ ਕਮੇਟੀ ਵਿਚ ਝਗੜਾ

ਅੰਮ੍ਰਿਤਸਰ — ਪੰਜ ਮੈਂਬਰੀ ਪੰਥਕ ਕਮੇਟੀ ਦੇ ਮੈਂਬਰਾਂ ਵੱਸਣ ਸਿੰਘ ਅਤੇ ਗੁਰਬਚਨ ਸਿੰਘ ਮਾਨੋਂਚਾਹਲ ਨੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਭਾਈ ਗੁਰਦੇਵ ਸਿੰਘ ਨੂੰ ਇਕ ਬਿਆਨ ਵਿਚ ਪੰਜ ਸਵਾਲ ਪੁੱਛੇ ਹਨ। ਇਹ ਸਵਾਲ ਹਨ

1. ਕਿ ਤੁਸੀਂ 13 ਅਪ੍ਰੈਲ ਨੂੰ ਪੰਜ ਜਥੇਦਾਰਾਂ ਨੂੰ ਸਰਬਤ ਖਾਲਸਾ ਕਨਵੈਨਸ਼ਨ ਤੇ ਬੁਲਾਇਆ ਸੀ ਪਰ ਉਹ ਨਹੀਂ ਆਏ। ਤੁਸੀਂ ਉਹਨਾਂ ਵਿਰੁੱਧ ਕੋਈ ਐਕਸ਼ਨ ਕਿਉਂ ਨਹੀਂ ਲਿਆ।

2. ਅਕਾਲ ਤਖਤ ਦਾ ਮੁਖ ਕੰਮ ਗੁਰਮਤਾ ਲਾਗੂ ਕਰਨਾ ਸੀ ਪਰ ਤੁਸੀਂ ਪੰਥਕ ਕਮੇਟੀ ਨੂੰ ਕਾਰ ਸੇਵਾ ਤਕ ਕਿਉਂ ਸੀਮਤ ਕੀਤਾ।

3. ਬਾਬਾ ਜੋਗਿੰਦਰ ਸਿੰਘ ਨੇ ਗੁਰਮਤੇ ਦੀ ਅਵੱਗਿਆ ਕੀਤੀ ਪਰ ਤੁਸੀਂ ਉਸਨੂੰ ਸਜ਼ਾ ਦੇਣ ਦੀ ਥਾਂ ਸਿਖ ਪੰਥ ਵਿਚ ਫੁੱਟ ਪਾਉਣ ਲਈ ਬਾਬਾ ਜੋਗਿੰਦਰ ਸਿੰਘ ਦੇ ਭਾਈਵਾਲ ਬਣੇ।

4. ਪੰਥਕ ਕਮੇਟੀ ਨੂੰ ਸਿੱਖਾਂ ਦੀ ਧਾਰਮਿਕ ਅਤੇ ਰਾਜਸੀ ਸੰਸਥਾ ਮੰਨਿਆ ਗਿਆ ਸੀ ਪਰ ਤੁਸੀਂ ਬਾਬਾ ਜੋਗਿੰਦਰ ਸਿੰਘ ਅਤੇ ਫੈਡਰੇਸ਼ਨ ਦੇ ਇਕ ਧੜੇ ਨਾਲ ਰਲ ਗਏ।

5. ਪੰਜ ਮੈਂਬਰੀ ਪ੍ਰੀਜ਼ੀਡੀਅਮ ਦੇ ਇਕ ਮੈਂਬਰ ਗੁਰਜੀਤ ਸਿੰਘ ਨੇ ਬਾਕੀ ਦੇ ਚਾਰ ਮੈਂਬਰਾਂ ਨੂੰ ਸਰਕਾਰ ਦੇ ਏਜੰਟ ਕਿਹਾ ਸੀ ਪਰ ਤੁਸੀਂ ਪੜਤਾਲ ਕਰਨ ਦੀ ਥਾਂ ਉਹਨਾਂ ਨਾਲ ਜਾ ਮਿਲੇ।

## ਸਾਜ਼ਿਦਾ ਬੇਗਮ ਹੁਣ ਅਕਾਲੀ ਦਲ ਛੱਡਣ ਲੱਗੀ

ਮਲੇਰ ਕੋਟਲਾ — ਸ਼੍ਰੋਮਣੀ ਅਕਾਲੀ ਦਲ ਵਿਚ ਚੋਣਾਂ ਸਮੇਂ ਸ਼ਾਮਲ ਹੋਈ ਸਾਬਕਾ ਕਾਂਗਰਸੀ ਵਿਧਾਇਕ ਸ੍ਰੀਮਤੀ ਸਾਜ਼ਿਦਾ ਬੇਗਮ ਮੁੜ ਕਾਂਗਰਸ ਵਲ ਪਰਤ ਰਹੀ ਹੈ। ਰਾਜਸੀ ਹਲਕਿਆਂ ਵਿਚ ਇਸ ਗੱਲ ਨੂੰ ਬੜੀ ਮਹੱਤਤਾ ਦਿਤੀ ਜਾ ਰਹੀ ਹੈ ਕਿ ਪਿਛਲੇ ਦਿਨਾਂ ਵਿਚ ਸਾਜ਼ਿਦਾ ਬੇਗਮ ਕੇਂਦਰ ਦੇ ਕਈ ਕਾਂਗਰਸੀ ਲੀਡਰਾਂ ਨੂੰ ਮਿਲੀ ਹੈ।

## ਬਾਬਾ ਦਲ ਟੁੱਟਣ ਲੱਗਾ

ਮੋਗਾ — ਬਾਬਾ ਦਲ ਨੂੰ ਇਸ ਇਲਾਕੇ ਵਿਚ ਕਾਫੀ ਵੱਡਾ ਧੱਕਾ ਲਗਾ ਜਦ ਮੁਕਤਸਰ ਇਲਾਕੇ ਦੀ ਯੂਨਿਟ ਨੇ ਬਾਬਾ ਜੋਗਿੰਦਰ ਸਿੰਘ ਦੇ ਤਾਨਾਸ਼ਾਹੀ ਵਤੀਰੇ ਵਿਰੁਧ ਬਗਾਵਤ ਕਰ ਦਿਤੀ। ਪੰਜਾਬ ਖੇਤੀਬਾੜੀ ਮਾਰਕੀਟਿੰਗ ਬੋਰਡ ਦੇ ਸਾਬਕਾ ਪ੍ਰਧਾਨ ਜਗਦੇਵ ਸਿੰਘ ਖੁੱਡੀਆਂ ਦੀ ਅਗਵਾਈ ਹੇਠ ਕਈ ਸੈਂਕੜੇ ਵਰਕਰ ਬਾਬਾ ਦਲ ਤੋਂ ਵੱਖ ਹੋ ਗਏ।

ਵੱਖ ਹੋਣ ਵਾਲਿਆਂ ਵਿਚ ਮਾਰਕੀਟ ਕਮੇਟੀ ਦੇ ਸਾਬਕਾ ਸਕੱਤਰ ਅਵਤਾਰ ਸਿੰਘ ਪ੍ਰੇਮ ਵੀ ਸ਼ਾਮਲ ਹਨ। ਇਕ ਬਿਆਨ ਵਿਚ ਜਗਦੇਵ ਸਿੰਘ ਖੁੱਡੀਆਂ ਨੇ ਦੋਸ਼ ਲਾਇਆ ਕਿ ਬਾਬਾ ਜੋਗਿੰਦਰ ਸਿੰਘ ਸਿਮਰਨਜੀਤ ਸਿੰਘ ਮਾਨ ਨੂੰ ਰਿਹਾ ਨਹੀਂ ਹੋਣ ਦੇਣਾ ਚਾਹੁੰਦਾ ਅਤੇ ਨਾ ਹੀ ਬਾਬੇ ਨੇ ਪ੍ਰੋ: ਦਰਸ਼ਨ ਸਿੰਘ ਰਾਗੀ ਨੂੰ ਰਿਹਾ ਕਰਾਉਣ ਲਈ ਕੋਈ ਕਦਮ ਚੁੱਕੇ ਹਨ।

ਅੰਮ੍ਰਿਤਸਰ ਦੇ ਅੱਠ ਲੀਡਰ ਵੀ ਬਾਬਾ ਦਲ ਵਿਚੋਂ ਅਸਤੀਫਾ ਦੇ ਗਏ ਹਨ ਜਿਨ੍ਹਾਂ ਵਿਚ ਹਰਿਰਾਜ ਸਿੰਘ ਘੁੰਮਣ, ਗੁਰਬਖਸ਼ ਸਿੰਘ ਸਹਾਰੀ, ਸ਼ਿਗਾਰਾ ਸਿੰਘ ਪਰਵਾਨਾ, ਹਰਭਜਨ ਸਿੰਘ, ਗੁਰਬਖਸ਼ ਸਿੰਘ, ਵਿਰਸਾ ਸਿੰਘ ਬੈਰੋਵਾਲ, ਦਲਜੀਤ ਸਿੰਘ ਬਾਬਾ ਅਤੇ ਨਿਰਮਲ ਸਿੰਘ ਬੈਰੋਵਾਲ।

ਪੰਥਕ ਕਮੇਟੀ ਦੇ ਇਕ ਮੈਂਬਰ ਵੱਸਣ ਸਿੰਘ ਨੇ ਇਥੇ ਦੋਸ਼ ਲਾਇਆ ਕਿ ਫੈਡਰੇਸ਼ਨ ਨੂੰ ਖਖੜੀ ਖਖੜੀ ਕਰਨ ਵਿਚ ਬਾਬਾ ਜੋਗਿੰਦਰ ਸਿੰਘ ਨੇ ਅਹਿਮ ਰੋਲ ਅਦਾ ਕੀਤਾ ਹੈ।

## ਹਰਕਿਸ਼ਨ ਸਿੰਘ ਸੁਰਜੀਤ ਵਲੋਂ ਅਮਰਿੰਦਰ ਦੇ ਬਿਆਨ ਦੀ ਨਿੰਦਾ

ਜਲੰਧਰ — ਸੀ. ਪੀ. ਐਮ. ਦੇ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਨੇ ਇਥੇ ਅਮਰਿੰਦਰ ਸਿੰਘ ਦੇ ਉਸ ਬਿਆਨ ਦੀ ਨਿੰਦਾ ਕੀਤੀ ਜਿਸ ਵਿਚ ਕਿਹਾ ਗਿਆ ਸੀ ਕਿ ਅਕਾਲੀ ਸਰਕਾਰ ਦਹਿਸ਼ਤਪਸੰਦਾਂ ਨਾਲ ਗਲਬਾਤ ਲਈ ਤਿਆਰ ਹੈ।

ਸ੍ਰੀ ਸੁਰਜੀਤ ਨੇ ਕਿਹਾ ਕਿ ਮੰਤਰੀ ਦਾ ਬਿਆਨ ਗੈਰ ਜ਼ਿਮੇਵਾਰੀ ਵਾਲਾ ਬਿਆਨ ਹੈ ਕਿਉਂਕਿ ਕਾਤਲਾਂ ਨਾਲ ਮੇਜ ਤੇ ਬੈਠਕੇ ਗੱਲਾਂ ਨਹੀਂ ਕੀਤੀਆਂ ਜਾਂਦੀਆਂ। ਸ੍ਰੀ ਸੁਰਜੀਤ ਨੇ ਅਕਾਲੀ ਦਲ ਅਤੇ ਕਾਂਗਰਸ ਆਈ. ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਦੋਵੇਂ ਪਾਰਟੀਆਂ ਦਹਿਸ਼ਤਵਾਦ ਵਿਰੁੱਧ ਲੋਕ ਲਹਿਰ ਲਾਮਬੰਦ ਨਹੀਂ ਕਰ ਸਕੀਆਂ ਜਿਸ ਕਾਰਨ ਪੰਜਾਬ ਨੂੰ ਇਹ ਦਿਨ ਦੇਖਣੇ ਪਏ ਹਨ ਉਹਨਾਂ ਕਿਹਾ ਜਿਨਾਂ ਚਿਰ ਸ਼ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਉਤੇ ਸਹੀ ਪ੍ਰਬੰਧ ਲਾਗੂ ਨਹੀਂ ਕਰਦੀਆਂ ਪੰਜਾਬ ਵਿਚ ਅਮਨ ਨਹੀਂ ਹੋਵੇਗਾ।

## ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂ ਗਵਰਨਰ ਨੂੰ ਮਿਲੇ

ਚੰਡੀਗੜ੍ਹ — ਪੰਜਾਬ ਦੇ ਗਵਰਨਰ ਸ: ਸ: ਰੇ ਨੇ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਲੀਡਰਾਂ ਦੀ ਇਕ ਮੀਟਿੰਗ ਬੁਲਾਈ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਮਨਜੀਤ ਸਿੰਘ ਖੈਰਾ, ਕਾਂਗਰਸ ਆਈ ਦੇ ਜਨਰਲ ਸਕੱਤਰ ਹਰਚਰਨ ਸਿੰਘ ਹੀਰੋ, ਸੀ. ਪੀ. ਐਮ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਰੰਧਾਵਾ, ਸੀ ਪੀ ਆਈ ਦੇ ਸਕੱਤਰ ਅਵਤਾਰ ਸਿੰਘ ਮਲਹੋਤਰਾ ਭਾਰਤੀ ਜਨਤਾ ਪਾਰਟੀ ਦੇ ਹਿੱਤ ਅਭਿਲਾਸ਼ੀ ਰੀਪਬਲਿਕਨ ਪਾਰਟੀ ਦੇ ਡਾ: ਗੁਰਚਰਨ ਸਿੰਘ ਸ਼ਾਮਲ ਹੋਏ। ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੇ ਇਹ ਸੁਝਾਅ ਦਿਤਾ ਕਿ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਨੂੰ ਸਖਤ ਕਦਮ ਚੁੱਕ ਕੇ ਅਤਿਵਾਦ ਅਤੇ ਦਹਿਸ਼ਤਵਾਦ ਦਾ ਮੁਕਾਬਲਾ ਕਰਨਾ ਚਾਹੀਦਾ ਹੈ।

ਸਾਰੀਆਂ ਪਾਰਟੀਆਂ ਨੇ ਬਰਨਾਲਾ ਸਰਕਾਰ ਨੂੰ ਸਮਰਥਨ ਦੇਣ ਦਾ ਵਾਅਦਾ ਕੀਤਾ।

ਇਹ ਫੈਸਲਾ ਕੀਤਾ ਗਿਆ ਕਿ ਸਾਰੀਆਂ ਪਾਰਟੀਆਂ ਰਲਕੇ ਰੈਲੀਆਂ ਕਰਨਗੀਆਂ ਤਾਕਿ ਫਿਰਕੂ ਏਕਤਾ ਮਜ਼ਬੂਤ ਕੀਤੀ ਜਾਵੇ ਉਹਨਾਂ ਨੇ ਕਿਹਾ ਕਿ ਮੰਦਰਾਂ, ਮਸਜ਼ਿਦਾਂ ਅਤੇ ਗੁਰਦੁਆਰਿਆਂ ਦੀ ਗਲਤ ਵਰਤੋਂ ਕੀਤੀ ਜਾਵੇ।

## ਅਕਾਲੀ ਲੀਡਰ ਮੱਖਣ ਸਿੰਘ ਦਾ ਭਰਾ ਅਤਿਵਾਦੀਆਂ ਦੀ ਗੋਲੀ ਦਾ ਸ਼ਿਕਾਰ

ਬਟਾਲਾ — ਦੋ ਸ਼ੱਕੀ ਦਹਿਸ਼ਤਪਸੰਦਾਂ ਨੇ ਕਾਦੀਆਂ ਦੇ ਨੇੜੇ ਮੁਰਾਦਪੁਰ ਪਿੰਡ ਵਿਚ ਚੰਨਣ ਸਿੰਘ ਦਾ ਕਤਲ ਕਰ ਦਿਤਾ। ਚੰਨਣ ਸਿੰਘ ਮੱਖਣ ਸਿੰਘ ਦਾ ਛੋਟਾ ਭਰਾ ਸੀ। ਮੱਖਣ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਲੋਕਲ ਯੂਨਿਟ ਦਾ ਪ੍ਰਧਾਨ ਹੈ। ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

ਗੁਰਦਾਸਪੁਰ ਵਿਚ ਕਮਾਲਪੁਰ ਪਿੰਡ ਦੇ ਨੇੜੇ ਇਕ ਟਰਾਂਜ਼ਿਸਟਰ ਬੰਬ ਰੱਖਿਆ ਹੋਇਆ ਫੜਿਆ ਗਿਆ। ਪੁਲਸ ਨੇ ਫੌਜ ਦੇ ਨਾਲ ਮਿਲਕੇ ਬੰਬ ਅਮਲ ਨੂੰ ਅਮਲ ਰਹਿਤ ਕਰ ਦਿਤਾ। ਕਪੂਰਥਲੇ ਵਿਚ ਸੀਨਪੁਰਾ ਦੇ ਹਲਕੇ ਵਿਚ ਇਕ ਬੰਬ ਧਮਾਕੇ ਨਾਲ ਦੋ ਵਿਅਕਤੀ ਜ਼ਖਮੀ ਹੋ ਗਏ, ਇਹ ਬੰਬ ਉਜੜੇ ਥਾਂ ਤੇ ਪਿਆ ਮਿਲਿਆ ਸੀ ਤੇ ਇਹ ਦੋਵੇਂ ਵਿਅਕਤੀ ਤਾਂਬਾ ਲਾਹੁਣ ਖਾਤਰ ਉਸਨੂੰ ਘਰ ਲੈ ਆਏ।


# ROKKO SAREES & FABRICS

6201 Fraser Street

VANCOUVER

Tel: 327-3033

ਰੋਕੋ ਸਾੜ੍ਹੀਜ਼ ਹ.ਫਤੇ ਦੇ ਸੱਤੇ ਦਿਨ

ਖੁਲ੍ਹਾ ਰਹਿੰਦਾ ਹੈ



ROKKO SAREES

ਸਟੋਰ ਵਿਚ ਮੁਲਾਜ਼ਮ ਲੜਕੀਆਂ ਦੀ ਲੋੜ ਹੈ
ਹੋਰ ਜਾਣਕਾਰੀ ਲਈ ਰੋਕੋ ਸਾੜ੍ਹੀਜ਼ ਦੇ ਫੋਨ ਤੇ ਗੱਲ
ਕਰੋ

Sales Girls Required

Ph. 327-3033

# ਕੀ ਨੀਂਵੀਂ ਪੱਧਰ ਦੀ ਪੱਤਰਕਾਰੀ ਕਮਿਊਨਿਟੀ ਦਾ ਕੁਝ ਸੁਆਰਦੀ ਹੈ?

ਹੁਣੇ ਹੁਣੇ ਵੈਨਕੂਵਰ ਵਿਚ ਇਕ ਬਹੁਤ ਹੀ ਕਾਮਯਾਬ ਪੀਸ ਮਾਰਚ(ਸ਼ਾਂਤੀ ਲਈ ਵਿਖਾਵਾ) ਹੋਇਆ ਹੈ। ਮਨੁੱਖਤਾ ਲਈ ਇਹ ਬਹੁਤ ਜ਼ਰੂਰੀ ਹੈ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਝਗੜਿਆਂ ਦਾ ਅਮਨ ਪਸੰਦ ਤਰੀਕਿਆਂ ਨਾਲ ਹੱਲ ਲੱਭਿਆ ਜਾਵੇ। ਇਥੋਂ ਤੱਕ ਕਿ ਸਾਰੀ ਮਨੁੱਖਤਾ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਵੱਡੇ ਤੋਂ ਛੋਟੇ ਸਭ ਝਗੜਿਆਂ ਦਾ ਹੱਲ ਸ਼ਾਂਤੀ ਪੂਰਬਕ ਲੱਭਿਆ ਜਾਵੇ। ਜਦ ਮਨੁੱਖਤਾ ਇਸ ਪਾਸਿਓਂ ਸੁਰਖਰੂ ਹੋਵੇ ਤਦ ਹੀ ਬਾਕੀ ਮਸਲਿਆਂ ਵਲ ਧਿਆਨ ਦਿਤਾ ਜਾ ਸਕਦਾ ਹੈ। ਜਮਹੂਰੀ ਅਤੇ ਅਮਨ ਪਸੰਦ ਤਾਕਤਾਂ ਦਾ ਦਿਨ ਬਦਿਨ ਤਕੜੇ ਹੋਣਾ ਅਮਨ ਭਰੀ ਦੁਨੀਆਂ ਦੀ ਹੋਂਦ ਲਈ ਬਹੁਤ ਜ਼ਰੂਰੀ ਹੈ।

ਹਾਂ ਇਸੇ ਪ੍ਰਸੰਗ ਵਿਚ ਇਹ ਗੱਲ ਭੀ ਕਰਨੀ ਅਤੀ ਜ਼ਰੂਰੀ ਹੈ ਕਿ ਦੁਨੀਆਂ ਦੇ ਸਾਰੇ ਮਨੁੱਖ ਅਮਨ ਦੇ ਮੰਚ ਪੁਰ ਜ਼ਰੂਰ ਇਕੱਠੇ ਹੋ ਸਕਦੇ ਹਨ — ਜੇ ਉਹ ਮਨੁੱਖ ਹੋਣ ਤਦ । ਇਹ ਮੰਨਣ ਵਾਲੀ ਗੱਲ ਹੈ ਕਿ ਕਿਸੇ ਭੀ ਯੁੱਗ ਦੇ ਹਿਟਲਰਾਂ ਨਾਲ ਕਿਸੇ ਚੰਗੇ ਮਨੁੱਖ ਦੀ ਸਾਂਝ ਨਹੀਂ ਹੋ ਸਕਦੀ। ਪਰ ਫਿਰ ਭੀ ਗੱਲਬਾਤ ਰਾਹੀਂ ਸਾਰੇ ਮਸਲੇ ਨਜਿੱਠਣ ਤੋਂ ਕਦੇ ਭੀ ਕੰਨੀ ਨਹੀਂ ਕਤਰਾਉਣੀ ਚਾਹੀਦੀ। ਸਾਡੀ ਭਾਰਤੀ ਕਮਿਊਨਿਟੀ ਦਾ ਵੈਨਕੂਵਰ ਦਾ ਹਾਲ ਲੈ ਲਓ। ਪਿਛਲੇ ਦੋ ਸਾਲ ਅਸੀਂ ਡੰਡੇ(ਡਾਂਗ) ਦੇ ਰਾਜ ਵਿਚੋਂ ਦੀ ਗੁਜ਼ਰੇ ਹਾਂ। ਇਸ ਦਾ ਸਾਨੂੰ ਸਾਰਿਆਂ ਨੂੰ ਦੁੱਖ ਹੋਣਾ ਚਾਹੀਦਾ ਹੈ। ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਦੁਖ ਇਸ ਵਕਤ ਸਾਰੀ ਕਮਿਊਨਿਟੀ ਮਹਿਸੂਸ ਕਰ ਰਹੀ ਹੈ। ਦੁੱਖ ਮਹਿਸੂਸ ਕਰਨਾ ਹੀ ਕਾਫੀ ਨਹੀਂ। ਇਸ ਵਿਸ਼ੇ ਉਪਰ ਸੰਜੀਦਗੀ ਭਰੇ ਸਭਿਅਤ ਅਤੇ ਠਰੰਮੇਦਾਰ ਵਾਤਾਵਰਣ ਵਿਚ ਬਹਿਸ ਅਤੇ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ ਇਹ ਗੱਲ ਤੈਅ ਕਰਨੀ ਚਾਹੀਦੀ ਹੈ ਕਿ ਸਿਆਸੀ ਮੱਤ ਭੇਦ ਕਿੰਨੇ ਭੀ ਡੂੰਘੇ ਅਤੇ ਕੌੜੇ ਕਿਉਂ ਨਾ ਹੋਣ — ਉਨ੍ਹਾਂ ਨੂੰ ਜਾਤੀ ਵੈਰ ਵਿਚ ਨਹੀਂ ਬਦਲਿਆ ਜਾਣਾ ਚਾਹੀਦਾ। ਕਿਸੇ ਭੀ ਚੰਗੇ ਮਨੁੱਖ ਲਈ ਇਹ ਗੱਲ ਨਹੀਂ ਸੋਭਦੀ ਕਿ ਉਹ ਕਿਸੇ ਦੂਸਰੇ ਪੁਰ, ਸਿਆਸੀ ਮੱਤ-ਭੇਦ ਦੇ ਆਧਾਰ ਪੁਰ ਚਿੱਕੜ ਸੁੱਟੇ। ਕਿਸੇ ਦੀ ਦਲੀਲ ਉਪਰ ਚਿੱਕੜ ਸੁੱਟੋ ਤਾਂ ਦਲੀਲ ਨਹੀਂ ਦਿਸੇਗੀ — ਚਿੱਕੜ ਹੀ ਦਿਸੇਗਾ। ਇਸ ਤਰ੍ਹਾਂ ਬਹੁਤ ਸਾਰੇ ਮਨੁੱਖ ਆਪਣਾ ਆਲਾ ਦੁਆਲਾ ਦਲੀਲਾਂ ਨਾਲ ਭਰਨ ਦੀ ਬਜਾਇ ਚਿੱਕੜ ਅਤੇ ਹਨੇਰੇ ਨਾਲ ਭਰ ਲੈਣਗੇ। ਭਟਕਣਗੇ। ਨੁਕਸਾਨ ਹੋਵੇਗਾ ਸਾਡਾ ਸਾਰਿਆਂ ਦਾ। ਕਮਿਊਨਿਟੀ 'ਚ debate (ਵਿਚਾਰ ਵਟਾਂਦਰੇ) ਦਾ ਪੱਧਰ ਨੀਵਾਂ ਹੋਵੇਗਾ।

ਮਨੁੱਖਾਂ ਦੀਆਂ ਰਾਵਾਂ (opinions) ਪੁਰ ਟਿਪਣੀ ਕੀਤੀ ਜਾਣੀ ਚਾਹੀਦੀ ਹੈ। ਰਾਵਾਂ ਨੂੰ ਵਿਦਵਤਾ ਦੀ ਕਸਵੱਟੀ ਪੁਰ ਤੋਲਣਾ ਚਾਹੀਦਾ ਹੈ ਜੇ ਕੋਈ ਮਨੁੱਖ ਕਦੇ ਭੀ ਸਕੂਲ ਨਹੀਂ ਪੜ੍ਹਿਆ ਪਰ ਉਸ ਦੀ ਰਾਇ 'ਚ ਵਜ਼ਨ ਹੈ ਤਾਂ ਸਿਰਫ ਉਸ ਨੂੰ ਇਸ ਕਰਕੇ ਹੀ ਗਲਤ ਨਹੀਂ ਕਹਿਣਾ ਚਾਹੀਦਾ ਕਿਉਂਕਿ ਉਹ ਅਨਪੜ੍ਹ ਹੈ। ਜਾਂ ਉਸਦੀ ਰਾਇ ਦੀ ਕਦਰ ਉਸਦੇ ਅਨਪੜ੍ਹ ਜਾਂ ਗਰੀਬ ਹੋਣ ਕਰਕੇ ਨਹੀਂ ਘਟਣੀ ਚਾਹੀਦੀ। ਦੂਸਰੇ ਪਾਸੇ ਕਿਸੇ ਵਕੀਲ ਜਾਂ ਡਾਕਟਰ ਆਦਿ ਦੀ ਗੱਲ ਸਿਰਫ ਉਸ ਪਾਸ ਡਿਗਰੀ ਹੋਣ ਕਰਕੇ ਹੀ ਨਹੀਂ ਮੰਨੀ ਜਾਣੀ ਚਾਹੀਦੀ ਗੱਲ ਵਿਚ ਵਜ਼ਨ ਹੋਣਾ ਅਤੀ ਜ਼ਰੂਰੀ ਹੈ।

ਮਨੁੱਖਾਂ ਦੀਆਂ ਰਾਵਾਂ ਪੁਰ ਟਿਪਣੀ ਕਰਦੇ ਸਮੇਂ ਜੇ ਕਿਸੇ ਪੁਰ ਜਾਤੀ ਹਮਲਾ ਕਰੋ ਤਾਂ ਤੁਹਾਡੀ ਟਿਪਣੀ ਦਾ ਵਜ਼ਨ ਘਟਦਾ ਹੀ ਹੈ ਵਧਦਾ ਨਹੀਂ। ਆਮ ਕਰਕੇ ਕੀਤੇ ਜਾਤੀ ਹਮਲਿਆਂ ਦਾ ਕੋਈ ਆਧਾਰ ਨਹੀਂ ਹੁੰਦਾ। ਇਥੇ ਆਮ ਕਰਕੇ ਅਖਬਾਰਾਂ 'ਚ ਜਾਤੀ, ਹਮਲੇ ਮਿਲ੍ਹਾਂ ਦੀਆਂ ਟੂ ਬਾਈ ਫੋਰਾਂ ਦੀ ਤਰ੍ਹਾਂ, ਬਿਨਾਂ ਸੋਚੇ ਸਮਝੇ ਵਰ੍ਹਾਏ ਜਾਂਦੇ ਹਨ। ਕੁਝ ਦੇਰ ਸਾਧਾਰਣ ਲੋਕ ਇਹਨਾਂ ਸਸਤੇ ਅਤੇ ਬੇਅਸੂਲ ਜਾਤੀ ਹਮਲਿਆਂ ਦਾ ਆਨੰਦ ਤਾਂ ਜ਼ਰੂਰ ਮਾਣਦੇ ਹੋਣਗੇ — ਪਰ ਇਹਨਾਂ ਨਾਲ ਸਾਡੀ ਸਾਂਝੀ ਸਿਆਣਪ ਅਤੇ ਸਹਿਨਸ਼ੀਲਤਾ ਵਿਚ ਕੋਈ ਵਾਧਾ ਨਹੀਂ ਹੁੰਦਾ। ਪਿੰਡਾਂ ਵਿਚ ਜੇ ਕਿਸੇ ਦੇ ਪਰਵਾਰ ਦਾ ਨਾਸ਼ ਕਰਨਾ ਹੋਵੇ ਤਾਂ ਉਹਨਾਂ ਦੇ ਪੁੱਤਰਾਂ ਨੂੰ ਨਸ਼ਈ ਬਣਾਉਣ ਦੀ ਕੋਸ਼ਿਸ਼ 'ਚ ਮਗਨ ਕਈ ਲੋਕ ਦੇਖੇ ਜਾਂਦੇ ਹਨ। ਕੈਨੇਡਾ ਅਤੇ ਇੰਗਲੈਂਡ 'ਚ ਕਈ ਅਖਬਾਰਾਂ ਨੇ ਸਾਰੀ ਕਮਿਊਨਿਟੀ ਨੂੰ ਗਲਤ ਤਰੀਕੇ ਦੀ, ਨੀਂਵੇ ਪੱਧਰ ਦੀ ਪੱਤਰਕਾਰੀ ਦੀ ਆਦਿਤ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਲ ਸਾਰੀ ਕਮਿਊਨਿਟੀ ਦੀ ਬਿਹਤਰੀ ਨਹੀਂ। ਭੁਲੇਖਿਆਂ ਰਾਹੀਂ, ਭੜਕਾ ਕੇ ਜਿੱਤੀ ਹੋਇਪ ਲੋਕ-ਮਦਤ ਬਹੁਤਾ ਚਿਰ ਕਿਸੇ ਦੇ ਨਾਲ ਨਹੀਂ ਚਲ ਸਕਦੀ। ਵਜ਼ਨਦਾਰ ਅਤੇ ਸਾਫ ਲਫਜ਼ਾਂ ਵਿਚ ਸਭਿਅਕ ਦਲੀਲਾਂ ਹੀ ਲੋਕਾਂ ਦੇ ਮਨ ਲੰਮੇ ਅਰਸੇ ਲਈ ਜਿੱਤ ਸਕਦੀਆਂ ਹਨ।

ਇਸ ਦੇ ਨਾਲ ਨਾਲ ਪਿਛਲੇ ਕਈ ਸਾਲਾਂ ਤੋਂ ਬੇਨਾਮ ਚਿੱਠੀਆਂ ਰਾਹੀਂ ਭੀ ਇਕ ਦੂਸਰੇ ਪੁਰ ਹਮਲੇ ਕੀਤੇ ਜਾਂਦੇ ਰਹੇ ਹਨ। ਹਰ ਮਨੁੱਖ ਨੂੰ ਚਾਹੀਦਾ ਹੈ ਕਿ ਗੱਲ ਸੁਚੱਜੇ ਤਰੀਕੇ ਨਾਲ ਪੇਸ਼ ਕਰੇ। ਨਾਲ ਹੀ ਗੱਲ ਦਾ ਕੋਈ ਉਚਾ ਸਮਾਜਿਕ ਜਾਂ ਸਿਆਸੀ ਮੰਤਵ ਹੋਵੇ। ਗੱਲ ਕਿਸੇ ਪੁਰ ਜਾਤੀ ਹਮਲਾ ਨਾ ਕਰਦੀ ਹੋਵੇ। ਕਿਸੇ ਦੀਆਂ ਸਿਆਸੀ ਦਲੀਲਾਂ ਜਾਂ ਸਿਆਸੀ ਕਾਰਨਾਮਿਆਂ ਨੂੰ ਸਿਆਸੀ ਜ਼ਬਾਨ 'ਚ ਪੇਸ਼ ਕਰਕੇ ਉਹਨਾਂ ਦੀ ਟਿਪਣੀ ਕਰੋ। ਸਿਆਸੀ ਟਿਪਣੀ ਜਾਤੀ ਚਿੱਕੜ ਨਹੀਂ। ਹੁਣ ਤਾਂ ਪੱਧਰ ਇਨਾ ਨੀਵਾਂ ਹੁੰਦਾ ਜਾਪਦਾ ਹੈ ਕਿ ਗੁਮਨਾਮ ਚਿੱਠੀਆਂ ਦੀ ਜਗ੍ਹਾ ਸਾਧਾਰਨ ਪਰਚਿਆਂ ਨੇ ਲੈ ਲਈ ਹੈ। ਇਸ ਵਿਚ ਸਾਡੇ ਸਮਾਜ ਦੀ ਤਰੱਕੀ ਨਹੀਂ ਗਿਰਾਵਟ ਹੈ। ਸਿਆਸੀ ਬਹਿਸ ਦੇ ਪੱਧਰ ਨੂੰ ਉਚਾ ਕਰੋ। ਇਸ ਵਿਚ ਸਭ ਦਾ ਭਲਾ ਹੈ।

ਪਿਛਲੇ ਦੋ ਸਾਲ ਦੀਆਂ ਤਲਖੀ ਭਰੀਆਂ ਕਹਾਣੀਆਂ ਵਿਚੋਂ ਦੀ ਅਸੀਂ ਸਾਰੇ ਲੰਘੇ ਹਾਂ। ਇਹ ਚੰਗੀ ਗੱਲ ਹੈ ਕਿ ਹੁਣ ਕੁਝ ਸ਼ਾਂਤੀ ਹੈ। ਮਾਹੌਲ ਇਸੇ ਤਰ੍ਹਾਂ ਚੰਗਾ ਬਣਿਆ ਰਹੇ — ਤਾਂ ਇਸ 'ਚ ਬਹੁਤ ਬਿਹਤਰੀ ਹੈ ਸਾਡੇ ਸਮਾਜ ਦੀ। ਪਰ ਇਕ ਗੱਲ ਜ਼ਰੂਰ ਕਹਿਣ ਨੂੰ ਜੀਅ ਕਰਦਾ ਹੈ। ਪਿਛਲੇ ਦੋ ਸਾਲਾਂ ਵਿਚ ਟੈਲੀਫੋਨ ਨੂੰ ਇਕ ਬਹੁਤ ਹੀ ਘਿਨਾਉਣੇ ਹਥਿਆਰ ਦੀ ਤਰ੍ਹਾਂ ਵਰਤਿਆ ਗਿਆ ਹੈ ਕੁਝ ਲੋਕਾਂ ਵਲੋਂ। ਕਿਸੇ ਨੂੰ ਫੋਨ ਕਰਕੇ ਬੁਰਾ ਭਲਾ ਕਹਿਣ ਵਿਚ ਕੋਈ ਸਿਆਣਪ ਨਹੀਂ। ਫਿਰ ਗੁਮਨਾਮ ਫੋਨ ਕਰਕੇ ਬੁਰਾ ਭਲਾ ਕਹਿਣਾ ਤਾਂ ਹੋਰ ਭੀ ਮੂਰਖਤਾ ਭਰੀ ਗੱਲ ਹੈ। ਸਿਆਣਪ ਤੋਂ ਸਾਨੂੰ ਕੰਮ ਲੈਣਾ ਚਾਹੀਦਾ ਹੈ। ਕਦੇ ਭੀ ਕਿਸੇ ਮਨੁੱਖ ਦੀ ਰਾਇ ਧਮਕੀਆਂ ਜਾਂ ਗਾਲ੍ਹਾਂ, ਨਾਲ ਤੁਸੀਂ ਨਹੀਂ ਬਦਲ ਸਕਦੇ। ਮੇਰਾ ਇਹ ਤਜਰਬਾ ਹੈ ਕਿ ਫੋਨਾਂ ਨੂੰ ਇਸ ਤਰ੍ਹਾਂ ਵਰਤਣ ਵਾਲੇ ਸ਼ਖਸ ਬਹੁਤ ਘੱਟ ਗਿਣਤੀ 'ਚ ਹਨ। ਬਹੁਤ ਸਾਰੇ ਲੋਕ, ਸਿਆਸੀ ਵਿਰੋਧੀ ਅਤੇ ਸਿਆਸੀ ਹਮਖਿਆਲ ਆਪਣਾ ਨਾਮ ਦੱਸ ਕੇ ਇਕ ਦੂਸਰੇ ਨਾਲ ਖੁੱਲ੍ਹਾ, ਸਭਿਆ ਜ਼ਬਾਨ 'ਚ ਅਤੇ ਕਈ ਦਫਾ ਗੁੱਸੇ ਭਰਿਆ ਭੀ ਵਿਚਾਰ ਵਟਾਂਦਰਾ ਕਰਦੇ ਰਹੇ ਹਨ। ਇਹ ਬਹੁਤ ਚੰਗੀ ਗੱਲ ਸੀ। ਪਰ ਜੋ ਅੰਸ਼ ਟੈਲੀਫੋਨ ਪੁਰ ਭੈੜੀ ਜ਼ਬਾਨ ਵਰਤਣ ਦੇ ਆਦੀ ਰਹੇ ਹਨ — ਉਹਨਾਂ ਨੇ ਸਾਡੇ ਸ਼ਹਿਰ ਦੇ ਵਾਤਾਵਰਣ ਵਿਚ ਕੁੜੱਤਣ ਪੈਦਾ ਕੀਤੀ ਹੈ।



ਉਜਲ ਦੁਸਾਂਝ

ਨਵੀਂ ਅਤੇ ਭੈੜੀ ਰਵਾਇਤ ਕਮਿਊਨਿਟੀ 'ਚ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਰਾਹੀਂ ਸਾਧਾਰਨ ਲੋਕਾਂ 'ਚ ਡਰ ਪੈਦਾ ਹੁੰਦਾ ਹੈ। ਇਹੋ ਜਿਹੀਆਂ ਗੱਲਾਂ ਪੁਰ ਸਾਰੇ ਸਿਆਸੀ ਗਰੁੱਪਾਂ ਵਿਚ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ ਤਾਂ ਕਿ ਕਮਿਊਨਿਟੀ ਦੇ ਅੰਦਰ ਅੰਦਰ ਹੀ ਹੋ ਰਹੀ debate ਨੂੰ ਲੋਕਾਂ ਸਾਹਮਣੇ ਲੈ ਆਂਦਾ ਜਾਵੇ।

ਇਹੋ ਜਿਹੀਆਂ ਸਾਰੀਆਂ ਗੱਲਾਂ ਪੁਰ ਧਿਆਨ ਦੇਣ ਨਾਲ ਹਰ ਮਨੁੱਖ ਨੂੰ ਆਪਣੇ ਵਿਚਾਰ ਬਿਨ੍ਹਾਂ ਕਿਸੇ ਡਰ ਜਾਂ ਝਿਜਕ ਦੇ ਪ੍ਰਗਟ ਕਰਨ ਦਾ ਉਤਸ਼ਾਹ ਮਿਲੇਗਾ। ਮਨੁੱਖ ਵੱਖਰੇ ਵੱਖਰੇ ਸਿਆਸੀ ਵਿਚਾਰਾਂ ਦੇ ਧਾਰਨੀ ਹੁੰਦੇ ਹੋਏ ਭੀ ਇਕ ਦੂਜੇ ਦੇ ਮਿਤਰ ਬਣਨਗੇ — ਕਮਿਊਨਿਟੀ 'ਚ ਸਦਭਾਵਨਾ ਵਧੇਗੀ। ਅਮਨ ਵਧੇਗਾ। ਕੁੜੱਤਣ ਘਟੇਗੀ। ਇਸੇ ਤਰ੍ਹਾਂ ਹੋ ਸਕਦਾ ਹੈ ਅਸੀਂ ਆਪਣੀਆਂ ਅੱਗੇ ਦੀਆਂ ਪੀੜ੍ਹੀਆਂ ਲਈ ਸੁਖਾਵਾਂ ਵਾਤਾਵਰਣ ਪੈਦਾ ਕਰ ਸਕੀਏ। ਦੁਨੀਆਂ 'ਚ ਅਮਨ ਸਥਾਪਤ ਕਰਨ ਵਲ ਇਹ ਚੰਗਾ ਹਿਸਾ ਹੋਵੇਗਾ, ਇਕ ਛੋਟੀ ਜਿਹੀ ਕਮਿਊਨਿਟੀ ਲਈ ਜੇ ਅਸੀਂ ਕਮਿਊਨਿਟੀ 'ਚ ਅਮਨ ਪਸੰਦ ਅਤੇ ਅਮਨ ਭਰਪੂਰ ਵਾਤਾਵਰਣ ਪੈਦਾ ਕਰਨ ਵਿਚ ਕਾਮਯਾਬ ਹੋ ਸਕੀਏ। ਪਾਣੀ ਦੇ ਤੁਪਕੇ ਤੁਪਕੇ ਨਾਲ ਹੀ ਸਮੁੰਦਰ ਜੁੜਦੇ ਹਨ। ਅਮਨ ਦੇ ਸਮੁੰਦਰ 'ਚ ਜੇ ਅਸੀਂ ਤੁਪਕੇ ਦੀ ਸਾਂਝ ਵੀ ਪਾ ਸਕੀਏ ਤਾਂ ਵਧਾਈ ਦੇ ਹੱਕਦਾਰ ਹੋਵਾਂਗੇ।

# ਸਿੰਕਲੇਅਰ ਸਟੀਵਨ ਦੇ ਕਰਜ਼ਿਆਂ ਵਾਰੇ ਜਾਂਚ ਕੀਤੀ ਜਾਵੇ — ਟਰਨਰ

ਗਲੋਬ ਐਂਡ ਮੇਲ ਅਨੁਸਾਰ ਕੱਲ ਜਾਨ ਟਰਨਰ ਨੇ ਇਹ ਮੰਗ ਕੀਤੀ ਕਿ ਕੈਨੇਡਾ ਦੇ ਉਦਯੋਗ ਮੰਤਰੀ ਨੂੰ ਉਸਦੀ ਪਤਨੀ ਦੁਆਰਾ 26 ਲੱਖ ਡਾਲਰ ਦੇ ਕਰਜ਼ੇ ਦਾ ਜੋ ਪ੍ਰਬੰਧ ਮੰਤਰੀ ਦੇ ਬਿਜਨੈਸ ਹਿਤਾਂ ਲਈ ਕੀਤਾ ਗਿਆ ਹੈ ਦੀ ਜਾਂਚ ਕੀਤੀ ਜਾਵੇ ਤੇ ਮੰਤਰੀ ਆਪਣੇ ਅਹੁਦੇ ਦਾ ਤਿਆਗ ਕਰੇ।

ਤੂੰ ਵਿਦਾ ਹੋਇਓਂ ਮੇਰੇ ਦਿਲ 'ਤੇ ਉਦਾਸੀ ਛਾ ਗਈ.
ਪੀੜ ਦਿਲ ਦੀ ਬੂੰਦ ਬਣਕੇ ਅੱਖੀਆਂ ਵਿੱਚ ਆ ਗਈ.


FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER

NORTH AMERICAN LIFE

ਆਪਣੀਆਂ ਇਨਸ਼ੋਰੇਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇਨਸੋਰੇਂਸ
- ਗਰੁਪ ਇਨਸ਼ੋਰੇਂਸ
- ਮਾਰਗੇਜ ਇਨਸ਼ੋਰੇਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੇਂਸ

1507 - 330 Portage Avenue
Winnipeg, Manitoba R3C 0C4
Bus. 943-1526

INSURANCE FOR

- Personal
- Children
- Mortgage
- RRSP
- Group Insuranc & Annuities

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

NORTH AMERICAN LIFE
ASSURANCE CO.



Raj Singh Mann

D. P. Pandia & Associates

Immigration Consultants
Serving the Community Since 1939

Ph. (604)684-3716

#61 - 553 Granville St. Vancouver, B.C.

ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਡਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

# ਵੈਨਕੂਵਰ ਦੇ ਅਮਨ ਮੁਜ਼ਾਹਰੇ ਵਿਚ ਇਕ ਲੱਖ ਤੋਂ ਵੀ ਵੱਧ ਲੋਕਾਂ ਹਿਸਾ ਪਾਇਆ ਅਤੇ ਵੈਨਕੂਵਰ ਸ਼ਤਾਬਦੀ ਮਨਾਈ

ਕੈਨੇਡੀਅਨ ਮੀਡੀਏ ਨੇ ਖਾਸਕਰ ਟੀ. ਵੀ. ਨੇ ਘਟੀਆ ਪੱਤਰਕਾਰੀ ਦਾ ਸਬੂਤ ਦਿਤਾ। ਪਿਛਲੇ ਹਫਤੇ ਵੈਨਕੂਵਰ ਅਮਨ ਸਰਗਰਮੀਆਂ ਦਾ ਕੇਂਦਰ ਬਣਿਆ ਰਿਹਾ। ਜਿਸ ਵਿਚ ਮੁਖ ਸਰਗਰਮੀ ਸਿਟੀ ਕੌਂਸਲ ਵੱਲੋਂ ਸ਼ਤਾਬਦੀ ਸਮਾਰੋਹ ਨੂੰ ਮਨਾਉਣ ਲਈ ਅਮਨ ਕਾਨਫਰੰਸ ਆਯੋਜਿਤ ਕੀਤੀ ਗਈ। ਇਹ ਕਾਨਫਰੰਸ ਜਿਸਦੇ ਪੰਜ ਸੈਸ਼ਨ ਸਨ ਜੋ ਕਿ ਵੈਨਕੂਵਰ ਦੇ ਮਸ਼ਹੂਰ ਥੀਏਟਰ ਓਰਫੀਆ ਵਿਚ ਤਿੰਨ ਦਿਨ ਚਲੀ। ਇਸ ਦਾ ਮੁਖ ਵਿਸ਼ਾ ਅਮਨ ਸੀ ਤਿੰਨ ਦਿਨਾਂ ਵਿਚ ਪੰਜ ਸੈਸ਼ਨ ਲਾਏ ਗਏ ਹਰ ਸੈਸ਼ਨ ਵਿਚ ਵਖਰੇ ਵਖਰੇ ਖੇਤਰਾਂ ਦੇ ਬੁਲਾਰਿਆਂ ਨੇ ਅਮਨ ਦੀ ਲੋੜ ਅਤੇ ਪ੍ਰਮਾਣੂ ਹਥਿਆਰਾਂ ਦੀ ਦੌੜ ਅਤੇ ਇਸ ਦੇ ਖਾਤਮੇ ਵਾਰੇ ਵਿਚਾਰ ਪੇਸ਼ ਕੀਤੇ ਅੰਦਾਜ਼ੇ ਮੁਤਾਬਕ ਲਗਭਗ ਪੰਦਰਾਂ ਹਜ਼ਾਰ ਦਰਸ਼ਕਾਂ ਨੇ ਇਸ ਕਾਨਫਰੰਸ ਵਿਚ ਹਿਸਾ ਲਿਆ ਅਤੇ ਸੰਸਾਰ ਪ੍ਰਸਿੱਧ ਵਿਗਿਆਨੀਆਂ ਅਮਨ ਘੁਲਾਟੀਆਂ, ਚਰਚ ਪਾਦਰੀਆਂ, ਯੂਨੀਅਨ ਨੇਤਾਵਾਂ, ਫੌਜੀ ਜਰਨੈਲਾਂ ਜੋ ਕਿ ਅਮਨ ਲਈ ਪ੍ਰਯਤਨਸ਼ੀਲ ਹਨ ਨੇ ਹਿਸਾ ਪਾਇਆ ਅਤੇ ਲੋਕਾਂ ਦੇ ਲਿਖਤੀ ਉਤਰਾਂ ਦੇ ਜਵਾਬ ਦਿਤੇ। ਅੰਤ ਵਿਚ ਕਾਨਫਰੰਸ ਵਿਚ ਇਕ 25 ਮੈਂਬਰੀ ਕਮੇਟੀ ਕਾਇਮ ਕੀਤੀ ਜਿਸਨੇ ਕਿ ਅਮਨ ਸਬੰਧੀ ਸੁਝਾਅ ਪੇਸ਼ ਕੀਤੇ ਜੋ ਸਰੋਤਿਆਂ ਨੇ ਸਰਬਸੰਮਤੀ ਨਾਲ ਪਾਸ ਕੀਤੇ। ਮੁਖ ਸੁਝਾਅ ਇਸ ਤਰ੍ਹਾਂ ਹਨ :

- ਖਲਾ ਵਿਚ ਸਾਰੇ ਹਥਿਆਰਾਂ ਤੇ ਰੋਕ ਲਾਈ ਜਾਵੇ
- ਨਵੇਂ ਪ੍ਰਮਾਣੂ ਹਥਿਆਰਾਂ ਦੇ ਵਿਕਾਸ ਟੈਸਟ ਚਲਾਉਣ ਪ੍ਰਬੰਧਾਂ ਨੂੰ ਬਿਲਕੁਲ ਬੰਦ ਕਰ ਦਿਤਾ ਜਾਵੇ।
- ਫੌਰੀ ਤੌਰ ਤੇ ਮੌਜੂਦਾ ਹਥਿਆਰਾਂ ਨੂੰ ਘਟਾਇਆ ਜਾਵੇ।
- ਸਾਰੇ ਸੰਸਾਰ ਵਿਚ ਪ੍ਰਮਾਣੂ ਹਥਿਆਰਾਂ ਤੋਂ ਰਹਿਤ ਖੇਤਰ ਸਥਾਪਿਤ ਕੀਤੇ ਜਾਣ।
- ਸਾਰੀਆਂ ਸਰਕਾਰਾਂ ਵਲੋਂ ਖਾਸ ਕਰ ਪ੍ਰਮਾਣੂ ਹਥਿਆਰ ਰਖਦੀਆਂ ਸਰਕਾਰਾਂ ਵਲੋਂ ਦੂਜੇ ਮੁਲਕਾਂ ਵਿਚ ਦਖਲਅੰਦਾਜ਼ੀ ਅਤੇ ਤਾਕਤ ਦੀ ਵਰਤੋਂ ਨਾ ਕਰਨ ਦਾ ਅਹਿਦ ਕੀਤਾ ਜਾਵੇ ਅਤੇ ਇਸ ਸਬੰਧੀ ਗਲਬਾਤ ਰਾਹੀਂ ਸਮਝੌਤੇ ਦਾ ਬਚਨ ਲਿਆ ਜਾਵੇ।
- ਇਹ ਜਾਣਦੇ ਹੋਏ ਕਿ ਹਥਿਆਰਾਂ ਦੀ ਦੌੜ ਦੇ ਸੰਜੀਦਾ ਨਾਂਹਪੱਖੀ ਪ੍ਰਭਾਵ ਹਨ ਸੰਸਾਰ ਉਤੇ ਅਤੇ ਇਹ ਜ਼ਰੂਰੀ ਹੈ ਕਿ ਫੌਜੀ ਬਜਟਾਂ ਵਿਚ ਕਟੌਤੀ ਕੀਤੀ ਜਾਵੇ ਅਤੇ ਵਸੀਲਿਆਂ ਨੂੰ ਮਨੁੱਖਤਾ ਦੇ ਭਲੇ ਲਈ ਵਰਤਿਆ ਜਾਵੇ।

ਇਹ ਸਨ ਵੈਨਕੂਵਰ ਅਮਨ ਕਾਨਫਰੰਸ ਦੇ ਕੁਝ ਮੁਖ ਸੁਝਾਅ ਜੋ ਸਨਿਚਰਵਾਰ ਸ਼ਾਮ ਨੂੰ ਲੋਕਾਂ ਅਗੇ ਪੇਸ਼ ਕੀਤੇ ਗਏ ਅਤੇ ਦੂਸਰੇ ਦਿਨ 27 ਅਪ੍ਰੈਲ ਨੂੰ ਬੀ. ਸੀ. ਪਲੇਸ ਸਟੇਡੀਅਮ ਵਿਚ ਆਮ ਲੋਕਾਂ ਦੇ ਇਕੱਠ ਨੂੰ ਪੜ੍ਹਕੇ ਸੁਣਾਏ ਗਏ।







## ਲੋਕਾਂ ਦਾ ਠਾਠਾਂ ਮਾਰਦਾ ਇਕੱਠ

## 27 ਅਪ੍ਰੈਲ ਦੀ ਅਮਨ ਰੈਲੀ

ਵਿਸ਼ੇਸ਼ — ● ਜਲੂਸ ਦੋ ਟਿਕਾਣਿਆਂ ਤੋਂ ਚਲਕੇ ਬੀ ਸੀ ਸਟੇਡੀਅਮ ਪੁੱਜਾ

- ਕੁੱਤਿਆਂ ਨੇ ਵੀ ਅਮਨ ਮਾਰਚ ਵਿਚ ਭਾਗ ਲਿਆ
- ਲਗਭਗ ਹਰ ਕਮਿਊਨਿਟੀ ਦੀਆਂ ਅਮਨ ਚਾਹੁੰਦੀਆਂ ਜਥੇਬੰਦੀਆਂ ਇਸ ਵਿਚ ਸ਼ਾਮਲ ਹੋਈਆਂ।
- ਚਰਚ ਗਰੁਪ, ਹਰੇ ਰਾਮਾ ਹਰੇ ਕ੍ਰਿਸ਼ਨਾ, ਯਹਾਈ ਧਰਮ ਦੇ ਪੈਰੋਕਾਰਾਂ, ਯੂਨੀਅਨਾਂ, ਸਾਰੀਆਂ ਰਾਜਨੀਤਕ ਪਾਰਟੀਆਂ (ਰੂੜੀਵਾਦੀਆਂ, ਟੋਰੀਆਂ, ਅਤੇ ਸੋਸ਼ਲ ਕਰੈਡਿਟ ਵਾਲਿਆਂ ਨੂੰ ਅਤੇ ਫੰਡਾਮੈਂਟਲਿਸਟਾ ਨੂੰ ਛੱਡ ਕੇ ਭਾਵੇਂ ਉਹ ਕਿਸੇ ਧਰਮ ਨਾਲ ਸਬੰਧ ਰਖਦੇ ਹੋਣ) ਸਭ ਵਰਗ ਦੇ ਲੋਕਾਂ, ਬੱਚਿਆਂ, ਬੁੱਢਿਆਂ, ਨੌਜੁਆਨਾਂ ਅਤੇ ਹੈਂਡੀਕੈਪਡਾਂ ਨੇ ਮਾਰਚ ਕੀਤਾ। ਇਹ ਵੈਨਕੂਵਰ ਦਾ ਇਕ ਵਿਸ਼ੇਸ਼ ਮਾਰਚ ਸੀ।

---

## ਭਵਖੰਡਨ ਦਰਬਾਰ ਗੁਰੂ ਸਿਖ ਸੁਸਾਇਟੀ ਫੋਰਟ ਨੈਲਸਨ

ਭਵਖੰਡਨ ਦਰਬਾਰ ਗੁਰੂ ਸਿਖ ਸੁਸਾਇਟੀ ਫੋਰਟ ਨੈਲਸਨ ਦੀ ਚੋਣ ਸਾਲ 1986 ਲਈ ਸਰਬ ਸੰਮਤੀ ਨਾਲ 13 ਅਪ੍ਰੈਲ 1986 ਨੂੰ ਹੋਈ। ਹੇਠ ਲਿਖੇ ਸੇਵਾਦਾਰ ਚੁਣੇ ਗਏ ਹਨ :—

| | |
|---|---|
| ਬਲਵਿੰਦਰ ਸਿੰਘ ਸਰਾਂ | ਪ੍ਰਧਾਨ |
| ਹਰਜੀਤ ਸਿੰਘ ਸਰਾਏ | ਮੀਤ-ਪ੍ਰਧਾਨ |
| ਮੋਹਨ ਸਿੰਘ ਗਿਲਣ | ਸਕੱਤਰ |
| ਹਰਬੀਰ ਸਿੰਘ ਭੁੱਲਰ | ਖਜ਼ਾਨਚੀ |
| ਰਣਜੀਤ ਸਿੰਘ ਸਿਧੂ | ਮੀਤ ਖਜ਼ਾਨਚੀ |
| ਅਮਰਜੀਤ ਸਿੰਘ ਭਿੰਡਰ | ਮੀਤ ਸਕੱਤਰ |

ਮੋਹਨ ਸਿੰਘ ਗਿਲਣ
ਸਕੱਤਰ - ਭਵਖੰਡਨ ਦਰਬਾਰ ਗੁਰੂ ਸਿਖ ਸੁਸਾਇਟੀ ਫੋਰਟ ਨੈਲਸਨ

## ਅਮਰੀਕਾ ਵਲੋਂ ਤੇਜ਼ਾਬੀ ਮੀਂਹ ਨੂੰ ਰੋਕਣ ਦੇ ਯਤਨਾਂ ਵਿਚ ਕਟੌਤੀ

ਕੈਨੇਡਾ ਤੇ ਅਮਰੀਕਾ ਦੇ ਕਾਫੀ ਹਿੱਸਿਆਂ ਵਿਚ ਖਾਸ ਕਰ ਜਿਥੇ ਸੰਘਣੀ ਸਨਅਤਕਾਰੀ ਹੈ "ਤੇਜ਼ਾਬੀ ਮੀਂਹ" ਇਕ ਬੜੀ ਭਾਰੀ ਚੁਣੌਤੀ ਬਣਿਆ ਹੋਇਆ ਹੈ। ਕਾਫੀ ਸਮੇਂ ਤੋਂ ਸ਼ੁੱਧ ਵਾਤਾਵਰਣ ਲਈ ਮੰਗ ਕਰ ਰਹੇ ਲੋਕਾਂ ਨੇ ਦੋਨਾਂ ਸਰਕਾਰਾਂ ਦਾ ਇਸ ਵੱਲ ਧਿਆਨ ਖਿਚਿਆ ਸੀ। ਪਰ ਅਮਰੀਕੀ ਸਰਕਾਰ ਇਸ ਨੂੰ ਕੋਈ ਗੰਭੀਰ ਮਸਲਾ ਨਹੀਂ ਸਮਝਦੀ। ਕੈਨੇਡੀਅਨ ਪ੍ਰਧਾਨ ਮੰਤਰੀ ਵੀ ਕੁਝ ਠੋਸ ਕਦਮ ਨਹੀਂ ਚੁਕ ਰਿਹਾ ਇਸ ਬਾਰੇ। ਇਹ ਤੇਜ਼ਾਬੀ ਮੀਂਹ ਜੋ ਕਿ ਕੈਨੇਡਾ ਦੇ ਸੂਬੇ ਓਂਨਟੇਰੀਓ ਦੇ ਇਲਾਕਿਆਂ ਵਿਚ ਆਮ ਬਨਸਪਤੀ ਨੂੰ ਖਤਮ ਕਰ ਰਿਹਾ ਹੈ ਅਤੇ ਇਥੋਂ ਤਕ ਕਿ ਝੀਲਾਂ ਅਤੇ ਦਰਿਆਵਾਂ ਦਾ ਪਾਣੀ ਵੀ ਦੂਸ਼ਿਤ ਹੋ ਰਿਹਾ ਹੈ ਅਤੇ ਇਹ ਟਰਾਂਟੋ ਦੇ ਦੱਖਣ ਵਿਚ ਅਮਰੀਕੀ ਪਾਸੇ ਵੱਲ ਲਗੀ ਭਾਰੀ ਇੰਡਸਟਰੀ ਕਾਰਨ ਹੈ ਅਤੇ ਅਮਰੀਕਾ ਦੀ ਮੁਖ ਜ਼ਿਮੇਵਾਰੀ ਬਣਦੀ ਹੈ ਕਿ ਉਹ ਵਾਤਾਵਰਣ ਦੇ ਸੁਧਾਰ ਲਈ ਲੋੜੀਂਦੀ ਕਾਰਵਾਈ ਕਰੇ। ਪ੍ਰਧਾਨ ਮੰਤਰੀ ਮਲਰੂਨੀ ਜਦੋਂ ਪਿਛਲੀ ਵਾਰੀ ਅਮਰੀਕਾ ਗਿਆ ਸੀ ਤਾਂ ਰੀਗਨ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਲੋੜੀਂਦੇ ਕਦਮ ਚੁਕੇਗਾ ਪਰ ਇਸਦੇ ਉਲਟ ਹੁਣ ਇਹ ਕਿਹਾ ਜਾ ਰਿਹਾ ਹੈ ਕਿ ਫੰਡ ਪਹਿਲਾਂ ਹੀ ਨਿਰਧਾਰਤ ਸਨ ਉਹਨਾਂ ਵਿਚ ਵੀ ਕਟੌਤੀ ਕੀਤੀ ਜਾਵੇਗੀ


To protect your family, your mortgage, or to ensure your childrens' education, for an RRSP or an annuity, contact:



AVTAR S. RANDHAWA

B.A., B.T.

AVTAR S. RANDHAWA

Six times National Quality Award Winner

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.



Goyal Travels Inc.

4152 Fraser Street, Vancouver, B.C., Canada V5V 4E8
PH: (604) 872-7658

Toll Free Numbers
In B.C. 112-800-663-9079
In Alberta 1-800-663-9079
From 4 pm to 7 p.m.

IATA



THINKING OF TRAVEL?
WE CAN SAVE YOU
TIME—TROUBLE—MONEY

ASSOCIATED OFFICES IN INDIA:
- 2 Asia House, K.G. Marg, New Delhi—110001 Phone 389217
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

Cheapest Fares to:
FIJI—INDIA—PAKISTAN—COLOMBO—NEPAL

# ਖੇਤ ਮਜ਼ਦੂਰ ਅਤੇ ਬੇਰੁਜ਼ਗਾਰੀ ਭੱਤਾ

ਸਰਵਣ ਬੋਲ, ਪ੍ਰਧਾਨ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ

ਕਨੇਡਾ ਦੇ ਖੇਤ ਮਜ਼ਦੂਰਾਂ ਦੀ ਕਹਾਣੀ ਵੀ ਇਕ ਅਜੀਬ ਕਹਾਣੀ ਹੈ। ਅੱਜ ਦੀ ਵੀਹਵੀਂ ਸਦੀ ਵਿਚ ਵੀ ਖੇਤਾਂ ਵਿਚ ਕੰਮ ਕਰਨ ਵਾਲਿਆਂ ਨੂੰ ਆਮ ਮਜ਼ਦੂਰਾਂ ਦੀ ਤਰ੍ਹਾਂ ਮਜ਼ਦੂਰ ਹੀ ਨਹੀਂ ਸਮਝਿਆ ਜਾਂਦਾ। ਖੇਤ ਮਜ਼ਦੂਰਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਤੋਂ ਭੀ ਘਟੀਆ ਵਰਤਾਉ ਕੀਤਾ ਜਾਂਦਾ ਹੈ। ਕਨੇਡਾ ਵਿਚ ਹੋ ਰਿਹਾ ਕਿਹੜਾ ਐਸਾ ਵਿਤਕਰਾ ਹੈ ਜੋ ਖੇਤ ਮਜ਼ਦੂਰਾਂ ਨਾਲ ਨਹੀਂ ਹੁੰਦਾ। ਇਨਾਂ ਵਿਤਕਰਿਆਂ ਵਿਚੋਂ ਇਕ ਵਿਤਕਰਾ ਬੇਰੁਜ਼ਗਾਰੀ ਭੱਤੇ ਦੇ ਕਾਨੂੰਨ ਦਾ ਹੈ।

ਬੇਰੁਜ਼ਗਾਰੀ ਭੱਤਾ ਜਾਂ ਵਿਲਫੇਅਰ ਵਰਗੀਆਂ ਸਕੀਮਾਂ ਕਨੇਡਾ ਵਿਚ 1930 ਦੇ ਮੰਦਵਾੜੇ ਤੋਂ ਬਾਅਦ ਹੀ ਲਿਆਂਦੀਆਂ ਗਈਆਂ। 1930 ਵਿਚ ਆਮ ਲੋਕ ਭੁੱਖਮਰੀ ਦੇ ਸ਼ਿਕਾਰ ਸਨ। ਉਸ ਸਮੇਂ ਲੇਬਰ ਯੂਨੀਅਨਾਂ ਨੇ ਰਲਕੇ ਫੈਡਰਲ ਸਰਕਾਰ ਤੇ ਦਬਾਉ ਪਾਇਆ ਕਿ ਇਸ ਤਰ੍ਹਾਂ ਦੀਆਂ ਸਕੀਮਾਂ ਸ਼ੁਰੂ ਕੀਤੀਆਂ ਜਾਣ ਜਿਸ ਨਾਲ ਆਮ ਲੋਕਾਂ ਨੂੰ ਭੁੱਖਮਰੀ ਤੋਂ ਬਚਾਇਆ ਜਾ ਸਕੇ। ਯਾਦ ਰਹੇ ਕਿ ਜਦੋਂ ਪਹਿਲੀ ਵਾਰ ਕਨੇਡਾ ਦੀ ਤਾਰੀਖ ਵਿਚ ਬੇਰੁਜ਼ਗਾਰੀ ਭੱਤੇ ਦਾ ਕਾਨੂੰਨ ਬਣਾਇਆ ਗਿਆ ਤਾਂ ਖੇਤ ਮਜ਼ਦੂਰਾਂ ਨੂੰ ਜਾਣਬੁੱਝ ਕੇ ਇਸ ਕਾਨੂੰਨ ਤੋਂ ਬਾਹਰ ਰੱਖਿਆ ਗਿਆ। ਇਸ ਦਾ ਕਾਰਣ ਬਿਲਕੁਲ ਸਾਫ ਹੈ ਕਿ ਕਨੇਡਾ ਭਰ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਕਾਮੇ ਘੱਟਗਿਣਤੀਆਂ ਦੇ ਰੰਗਦਾਰ ਲੋਕ ਹੀ ਰਹੇ ਹਨ। ਅੱਜ ਵੀ ਖੇਤ ਮਜ਼ਦੂਰ ਘੱਟਗਿਣਤੀਆਂ ਦੇ ਰੰਗਦਾਰ ਲੋਕ ਹੀ ਹਨ।

## 25 ਦਿਨ ਦਾ ਨਿਯਮ :

ਅਪਰੈਲ 1967 ਵਿਚ ਪਹਿਲੀ ਵਾਰ ਖੇਤ ਮਜ਼ਦੂਰਾਂ ਨੂੰ ਬੇਰੁਜ਼ਗਾਰੀ ਭੱਤੇ ਦੇ ਕਾਨੂੰਨ ਅਧੀਨ ਲਿਆਂਦਾ ਗਿਆ ਪਰ ਚਾਰ ਕੁ ਮਹੀਨਿਆਂ ਬਾਅਦ ਹੀ ਅਗਸਤ 1967 ਵਿਚ ਇਸ ਕਾਨੂੰਨ ਦੇ ਰੈਗੂਲੇਸ਼ਨਾਂ ਦੀ ਧਾਰਾ 16 ਮੁਤਾਬਕ ਖੇਤ ਮਜ਼ਦੂਰਾਂ ਤੇ ਇਕ ਸ਼ਰਤ ਲਾਈ ਗਈ। ਇਹ ਸ਼ਰਤ ਸੀ ਕਿ ਇਕ ਸਾਲ ਵਿਚ ਇਕ ਹੀ ਫਾਰਮਰ ਨਾਲ ਖੇਤ ਮਜ਼ਦੂਰ ਨੂੰ ਘੱਟੋ ਘੱਟ 25 ਦਿਨ ਕੰਮ ਕਰਨਾ ਪਵੇਗਾ ਅਤੇ ਘੱਟੋ ਘੱਟ 250 ਡਾਲਰ ਕਮਾਉਣੇ ਪੈਣਗੇ ਤਾਂ ਜਾ ਕੇ ਇਕ ਖੇਤ ਮਜ਼ਦੂਰ ਬੇਰੁਜ਼ਗਾਰੀ ਭੱਤਾ ਲੈਣ ਦੇ ਕਾਬਲ ਹੋ ਸਕਦਾ ਹੈ। ਦੂਸਰੇ ਲਫਜ਼ਾਂ ਵਿਚ ਇਸ ਦਾ ਮਤਲਬ ਇਹ ਹੈ ਕਿ 25 ਦਿਨਾਂ ਤੋਂ ਬਾਅਦ ਹੀ ਇਕ ਫਾਰਮਰ ਖੇਤ ਮਜ਼ਦੂਰ ਦੇ ਕੰਮ ਦਾ ਰਿਕਾਰਡ ਰੱਖਣ ਲਗੇਗਾ ਅਤੇ ਯੂ. ਆਈ. ਦੀਆਂ ਕਟੌਤੀਆਂ ਕਰੇਗਾ। ਅਗਰ ਤੁਸੀਂ 24 ਦਿਨ ਇਕ ਫਾਰਮਰ ਨਾਲ ਕੰਮ ਕਰਕੇ ਹਟ ਜਾਂਦੇ ਹੋ ਤਾਂ ਕਿਸੇ ਕਾਰਣ ਫਾਰਮਰ ਤੁਹਾਨੂੰ ਕੰਮ ਤੋਂ ਹਟਾ ਦਿੰਦਾ ਹੈ ਤਾਂ ਤੁਸੀਂ ਇਹ 24 ਦਿਨ ਯੂ. ਆਈ. ਦੀਆਂ ਸਟੈਂਪਾਂ ਲੈਣ ਵਾਸਤੇ ਨਹੀਂ ਵਰਤ ਸਕਦੇ।

ਇਹ ਯੂ. ਆਈ. ਰੈਗੂਲੇਸ਼ਨ ਦੀ ਧਾਰਾ 16 ਇਸ ਕਰਕੇ ਲਿਆਂਦੀ ਗਈ ਸੀ ਕਿ ਕਨੇਡੀਅਨ ਫੈਡਰੇਸ਼ਨ ਆਫ ਐਗਰੀਕਲਚਰ ਅਤੇ ਕਨੇਡੀਅਨ ਹੋਰਟੀਕਲਚਰ ਕੌਂਸਲ ਵਰਗੀਆਂ ਫਾਰਮਰਾਂ ਦੀਆਂ ਸਾਰੀਆਂ ਜਥੇਬੰਦੀਆਂ ਨੇ ਮਿਲ ਕੇ ਫੈਡਰਲ ਸਰਕਾਰ ਤੇ ਦਬਾਉ ਪਾਇਆ ਕਿ ਫਾਰਮਾਂ ਦਾ ਕੰਮ ਮੌਸਮੀ ਹੈ, ਇਸ ਲਈ ਫਾਰਮਰਾਂ ਨੂੰ ਕੰਮ ਦਾ ਰਿਕਾਰਡ ਰੱਖਣਾ ਬਹੁਤ ਮੁਸ਼ਕਲ ਹੈ। ਉਸ ਸਮੇਂ ਸਰਕਾਰ ਦਾ ਫਾਰਮਰਾਂ ਦੇ ਦਬਾਉ ਹੇਠ ਆ ਕੇ ਖੇਤ ਮਜ਼ਦੂਰਾਂ ਦੇ ਖਿਲਾਫ ਇਸ ਤਰ੍ਹਾਂ ਦੇ ਕਾਨੂੰਨ ਬਣਾਉਣ ਦਾ ਵੱਡਾ ਕਾਰਣ ਇਹ ਸੀ ਕਿ ਸਾਰੇ ਕਨੇਡਾ ਵਿਚ ਖੇਤ ਮਜ਼ਦੂਰਾਂ ਦੀ ਆਪਣੀ ਕੋਈ ਜਥੇਬੰਦੀ ਨਹੀਂ ਸੀ, ਜਿਹੜੀ ਕਿ ਇਸ ਤਰ੍ਹਾਂ ਦੇ ਭੈੜੇ ਕਾਨੂੰਨ ਦੇ ਖਿਲਾਫ ਆਵਾਜ਼ ਉਠਾ ਸਕਦੀ।

6 ਅਪਰੈਲ 1980 ਵਿਚ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਹੋਂਦ ਵਿਚ ਆਈ। ਇਹ ਸਾਰੇ ਕਨੇਡਾ ਦੀ ਹਿਸਟਰੀ ਵਿਚ ਪਹਿਲੀ ਅਤੇ ਇਕੋ ਇਕ ਖੇਤ ਮਜ਼ਦੂਰਾਂ ਦੀ ਜਥੇਬੰਦੀ ਹੈ। ਪਿਛਲੇ ਸੱਤਾਂ ਸਾਲਾਂ ਤੋਂ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਖੇਤ ਮਜ਼ਦੂਰਾਂ ਨਾਲ ਹੋ ਰਹੇ ਵਿਤਕਰਿਆਂ ਦੇ ਵਿਰੁਧ ਆਵਾਜ਼ ਉਠਾ ਰਹੀ ਹੈ। ਯੂ. ਆਈ. ਕਾਨੂੰਨ ਰਾਹੀਂ ਖੇਤ ਮਜ਼ਦੂਰਾਂ ਨਾਲ ਹੋ ਰਹੇ ਵਿਤਕਰੇ ਦੇ ਵਿਰੋਧ ਵਿਚ ਫਾਰਮਵਰਕਰ ਯੂਨੀਅਨ ਨੇ ਬਾਕੀ ਸਾਰੀਆਂ ਯੂਨੀਅਨਾਂ ਤੇ ਆਪਣੀ ਸਾਰੀ ਕਮਿਊਨਿਟੀ ਦੇ ਸਹਿਯੋਗ ਨਾਲ ਫੈਡਰਲ ਸਰਕਾਰ ਤੇ ਦਬਾਉ ਪਾਇਆ। ਇਸ ਦੇ ਵਿਰੋਧ ਵਿਚ ਸਰਕਾਰ ਨੂੰ ਫਾਰਮਵਰਕਰ ਯੂਨੀਅਨ ਵਲੋਂ ਬਰੀਫ ਪੇਸ਼ ਕੀਤੇ ਅਤੇ ਲਗਾਤਾਰ ਵੱਖ ਵੱਖ ਥਾਵਾਂ ਤੇ ਮੁਜ਼ਾਹਰੇ ਕੀਤੇ। ਸਾਰੀ ਕੈਨੇਡੀਅਨ ਮਜ਼ਦੂਰ ਜਮਾਤ ਅਤੇ ਜਨਰਲ ਪਬਲਿਕ ਨੂੰ ਖੇਤ ਮਜ਼ਦੂਰਾਂ ਨਾਲ ਹੋ ਰਹੇ ਵਿਤਕਰਿਆਂ ਬਾਰੇ ਜਾਣੂੰ ਕਰਾਇਆ। ਫਾਰਮਵਰਕਰ ਯੂਨੀਅਨ ਵਲੋਂ ਸਰਕਾਰ ਤੇ ਲਗਾਤਾਰ ਦਬਾਉ ਪਾਉਣ ਦੇ ਨਤੀਜੇ ਵਜੋਂ ਸਰਕਾਰ ਨੂੰ ਇਹ ਐਲਾਨ ਕਰਨਾ ਪਿਆ ਕਿ ਪਹਿਲੀ ਜਨਵਰੀ 1983 ਵਿਚ ਯੂ. ਆਈ. ਰੈਗੂਲੇਸ਼ਨ ਧਾਰਾ 16 ਖਤਮ ਕਰ ਦਿੱਤੀ ਜਾਵੇਗੀ ਅਤੇ ਯੂ. ਆਈ. ਕਾਨੂੰਨ ਅਧੀਨ ਕਨੇਡਾ ਦੇ ਸਾਰੇ ਖੇਤ ਮਜ਼ਦੂਰਾਂ ਨੂੰ ਵੀ ਬਾਕੀ ਮਜ਼ਦੂਰਾਂ ਦੀ ਤਰ੍ਹਾਂ ਬੇਰੁਜ਼ਗਾਰੀ ਭੱਤਾ ਲੈਣ ਦਾ ਇਕੋ ਜਿਹਾ ਹੱਕ ਹੋਵੇਗਾ, ਭਾਵ ਕਿ 25 ਦਿਨਾਂ ਦਾ . ਨਿਯਮ ਖਤਮ ਕਰ ਦਿੱਤਾ ਗਿਆ।

ਕਨੇਡਾ ਭਰ ਦੇ ਫਾਰਮਰਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਜਦੋਂ ਇਸ ਵਿਤਕਰੇ ਦੇ ਖਤਮ ਹੋਣ ਦਾ ਪਤਾ ਲੱਗਾ ਤਾਂ ਉਹ ਭੰਬੂਕੇ ਵਾਂਗ ਤੜਫ ਉਠੇ। ਉਨ੍ਹਾਂ ਨੇ ਇਕ ਵਾਰ ਫੇਰ ਫੈਡਰਲ ਸਰਕਾਰ ਤੇ ਦਬਾਉ ਪਾਉਣ ਦੀ ਕੋਸ਼ਿਸ਼ ਕੀਤੀ ਤੇ ਕਿਹਾ 25 ਦਿਨ ਦਾ ਨਿਯਮ ਖਤਮ ਨਹੀਂ ਹੋਣਾ ਚਾਹੀਦਾ। ਇਸ ਵਾਰ ਵੀ ਇਸ ਦਾ ਕਾਰਣ ਇਹੀ ਦੱਸਿਆ ਕਿ ਫਾਰਮਰ ਨੂੰ ਕੰਮ ਦਾ ਰਿਕਾਰਡ ਰੱਖਣਾ ਬਹੁਤ ਮੁਸ਼ਕਲ ਹੈ।

## ਸੱਤ ਦਿਨ ਦਾ ਨਿਯਮ :

31 ਜੁਲਾਈ, 1983 ਨੂੰ ਸਰਕਾਰ ਨੇ ਫਾਰਮਰਾਂ ਦੇ ਦਬਾਉ ਹੇਠ ਆ ਕੇ ਯੂ. ਆਈ. ਕਾਨੂੰਨ ਦੀ ਧਾਰਾ 16 ਨੂੰ ਥੋੜ੍ਹਾ ਜਿਹਾ ਬਦਲ ਕੇ ਫਿਰ ਲਾਗੂ ਕਰ ਦਿਤਾ। ਯਾਦ ਰਹੇ ਕਿ 1983 ਵਿਚ ਫੈਡਰਲ ਸਰਕਾਰ ਵਿਚ ਕਨੇਡਾ ਦਾ ਲੇਬਰ ਮਨਿਸਟਰ ਯੂਿਓਜੀਨ ਸੀ ਜਿਹੜਾ ਕਿ ਕਨੇਡਾ ਦੇ ਪਰੇਰੀ ਸੂਬਿਆਂ ਵਿਚੋਂ ਫਾਰਮਰਾਂ ਦੀਆਂ ਵੋਟਾਂ ਨਾਲ ਚੁਣਿਆ ਗਿਆ ਸੀ। ਇਸ ਨਵੀਂ ਤਬਦੀਲੀ ਮੁਤਾਬਿਕ ਹੁਣ ਇਕ ਖੇਤ ਮਜ਼ਦੂਰ ਨੂੰ ਇਕ ਸਾਲ ਵਿਚ ਇਕ ਹੀ ਫਾਰਮਰ ਨਾਲ ਘੱਟੋ ਘੱਟ ਸੱਤ ਦਿਨ ਕੰਮ ਕਰਨਾ ਪਵੇਗਾ ਅਤੇ ਇਕ ਹਫਤੇ ਦੇ ਪੰਦਰਾਂ ਘੰਟੇ ਜਾਂ 96 ਡਾਲਰ ਕਮਾਉਣੇ ਪੈਣਗੇ। ਦੂਸਰੇ ਲਫਜ਼ਾਂ ਵਿਚ ਫਾਰਮਰ ਨੂੰ ਸੱਤ ਦਿਨਾਂ ਤੱਕ ਤੁਹਾਡੇ ਕੰਮ ਦਾ ਰਿਕਾਰਡ ਰੱਖਣ ਦੀ ਜ਼ਰੂਰਤ ਨਹੀਂ। ਜੇ ਤੁਸੀਂ ਇਕ ਫਾਰਮਰ ਨਾਲ ਛੇ ਦਿਨ ਹੀ ਕੰਮ ਕਰਕੇ ਹਟ ਜਾਂਦੇ ਹੋ ਜਾਂ ਕਿਸੇ ਕਾਰਣ ਫਾਰਮਰ ਆਪ ਤੁਹਾਨੂੰ ਕੰਮ ਤੋਂ ਹਟਾ ਦਿੰਦਾ ਹੈ ਤਾਂ ਤੁਸੀਂ ਇਹ ਛੇ ਦਿਨ ਯੂ. ਆਈ. ਦੀਆਂ ਸਟੈਂਪਾਂ ਲੈਣ ਲਈ ਨਹੀਂ ਗਿਣ ਸਕਦੇ।

ਇਹ ਕਾਨੂੰਨੀ ਵਿਤਕਰਾ ਖੇਤ ਮਜ਼ਦੂਰਾਂ ਨੂੰ ਗੁਲਾਮਾਂ ਦੀ ਤਰ੍ਹਾਂ ਕੰਮ ਕਰਾਉਣ ਵਿਚ ਪੂਰਾ ਕਾਮਯਾਬ ਹੈ। ਇਸ ਵਿਤਕਰੇ ਦੇ ਕਾਰਣ ਹਜ਼ਾਰਾਂ ਹੀ ਡਾਲਰਾਂ ਦੀ ਗਿਣਤੀ ਵਿਚ ਖੇਤ ਮਜ਼ਦੂਰਾਂ ਨੂੰ ਹਰ ਸਾਲ ਯੂ. ਆਈ. ਕਮਿਸ਼ਨ ਨੂੰ ਪੈਸੇ ਵਾਪਸ ਕਰਨੇ ਪੈਂਦੇ ਹਨ। ਯਾਦ ਰਹੇ 25 ਦਿਨਾਂ ਤੋਂ ਘਟਾ ਕੇ ਸੱਤ ਦਿਨਾਂ ਤੱਕ ਲਿਆਉਣ ਦੀ ਕਾਮਯਾਬੀ ਵੀ ਕਨੇਡੀਅਨ ਫਾਰਮਵਰਕਰ ਯੂਨੀਅਨ ਦੇ ਦਬਾਉ ਪਾਉਣ ਨਾਲ ਹੀ ਹੋਈ ਹੈ। ਜੇ ਅੱਜ ਵੀ ਸਾਰੇ ਖੇਤ ਮਜ਼ਦੂਰ ਹਜ਼ਾਰਾਂ ਦੀ ਗਿਣਤੀ ਵਿਚ ਕਨੇਡੀਅਨ ਫਾਰਮਵਰਕਰ ਯੂਨੀਅਨ ਦੇ ਮੈਂਬਰ ਬਣਕੇ ਸਰਕਾਰ ਤੇ ਦਬਾਉ ਪਾਉਣ ਤਾਂ ਇਹ ਸੱਤ ਦਿਨ ਦਾ ਨਿਯਮ ਵੀ ਖਤਮ ਹੋ ਸਕਦਾ ਹੈ।

## 16 ਮਾਰਚ 1986 ਵਿਚ ਆਈ ਤਬਦੀਲੀ :

ਯੂ. ਆਈ. ਦੇ ਕਾਨੂੰਨ ਮੁਤਾਬਕ ਪਹਿਲੀ ਵਾਰ ਅਨਇੰਪਲਾਇਮਿੰਟ ਲੈਣ ਵਾਲੇ ਵਿਅਕਤੀ ਨੂੰ 20 ਸਟੈਂਪਾਂ ਚਾਹੀਦੀਆਂ ਹਨ, ਪਰ ਦੁਬਾਰਾ ਅਨਇੰਪਲਾਇਮੈਂਟ ਲੈਣ ਵਾਲੇ ਵਿਅਕਤੀ ਲਈ ਸਟੈਂਪਾਂ ਦੀ ਗਿਣਤੀ ਬਦਲਦੀ ਰਹਿੰਦੀ ਹੈ। ਇਸ ਦਾ ਕਾਰਣ ਇਹ ਹੈ ਕਿ ਯੂ. ਆਈ. ਦੇ ਕਾਨੂੰਨ ਮੁਤਾਬਕ ਸਾਰਾ ਕਨੇਡਾ ਵੱਖ ਵੱਖ ਇਲਾਕਿਆਂ ਵਿਚ ਵੰਡਿਆਂ ਹੋਇਆ ਹੈ। ਕਿਸ ਇਲਾਕੇ ਵਿਚ ਕਿਸ ਸਮੇਂ ਬੇਰੁਜ਼ਗਾਰੀ ਦੀ ਦਰ ਕਿਤਨੀ ਹੈ, ਉਸ ਮੁਤਾਬਿਕ ਦੁਬਾਰਾ ਅਨਇੰਪਲਾਇਮੈਂਟ ਲੈਣ ਵਾਲੇ ਨੂੰ ਸਟੈਂਪਾਂ ਬਣਾਉਣੀਆਂ ਪੈਂਦੀਆਂ ਹਨ। ਬੀ. ਸੀ. ਵਿਚ ਵੈਨਕੂਵਰ ਤੇ ਫਰੇਜ਼ਰ ਵੈਲੀ ਦੇ ਇਲਾਕੇ ਦਾ ਨੰਬਰ 74 ਹੈ। ਪਿਛਲੇ ਦੋ ਤਿੰਨ ਸਾਲਾਂ ਤੋਂ ਇਸ ਇਲਾਕੇ ਵਿਚ ਰਹਿਣ ਵਾਲੇ ਨੂੰ ਦੁਬਾਰਾ ਯੂ. ਆਈ. ਲੈਣ ਲਈ ਘੱਟੋ ਘੱਟ ਦਸ ਸਟੈਂਪਾਂ ਨਾਲ ਹੀ ਕੰਮ ਚਲ ਜਾਂਦਾ ਸੀ। ਯੂ. ਆਈ. ਕਮਿਸ਼ਨ ਨੇ ਫੈਡਰਲ ਸਰਕਾਰ ਦੇ ਅੰਕੜੇ ਇਕੱਠੇਂ ਕਰਨ ਦੀ ਬਰਾਂਚ (ਸਟੈਟ, ਕੈਨੇਡਾ) ਨੂੰ ਸਾਰੇ ਕਨੇਡਾ ਦੇ ਵੱਖਰੇ ਵੱਖਰੇ ਇਲਾਕਿਆਂ ਵਿਚ ਬੇਰੁਜ਼ਗਾਰੀ ਦੀ ਦਰ ਬਾਰੇ ਇਕ ਸਰਵੇ ਕਰਨ ਲਈ ਦਿੱਤਾ। ਇਸ ਬਰਾਂਚ ਨੇ ਇਸ ਸਾਲ ਮਾਰਚ ਵਿਚ ਬੇਰੁਜ਼ਗਾਰੀ ਦੀ ਦਰ ਦੇ ਅੰਕੜਿਆਂ ਦਾ ਵੇਰਵਾ ਯੂ. ਆਈ. ਕਮਿਸ਼ਨ ਨੂੰ ਦਿੱਤਾ। ਉਨ੍ਹਾਂ ਮੁਤਾਬਿਕ ਵੈਨਕੂਵਰ ਅਤੇ ਲੋਅਰ ਫਰੇਜ਼ਰ ਵੈਲੀ ਵਿਚ ਬੇਰੁਜ਼ਗਾਰ ਦੀ ਦਰ 11.5 ਫੀ ਸਦੀ ਹੈ। ਇਸ ਤੋਂ ਬਾਅਦ 16 ਮਾਰਚ 1986 ਵਿਚ ਯੂ. ਆਈ. ਕਮਿਸ਼ਨ ਨੇ ਇਕ ਐਲਾਨ ਜਾਰੀ ਕੀਤਾ ਕਿ ਇਸ ਇਲਾਕੇ ਦੇ ਦੁਬਾਰਾ ਅਨਇੰਪਲਾਇਮੈਂਟ ਲੈਣ ਵਾਲੇ ਨੂੰ ਘੱਟੋ ਘੱਟ 16 ਸਟੈਂਪਾਂ ਬਣਾਉਣੀਆਂ ਪੈਣਗੀਆਂ।

ਖੇਤਾਂ ਵਿਚ ਕੰਮ ਕਰਨ ਵਾਲਿਆਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਅੱਜ ਦਸ ਸਟੈਂਪਾਂ ਬਣਾਉਣ ਲਈ ਸਾਨੂੰ ਕਿੰਨੇ ਪਾਪੜ ਵੇਲਣੇ ਪੈਂਦੇ ਹਨ ਅਤੇ ਭਾਰੀਆਂ ਸਟੈਂਪਾਂ ਬਣਾਉਣ ਲਈ ਤਾਂ ਸਾਨੂੰ ਕੀ ਕੁੱਝ ਨਹੀਂ ਕਰਨਾ ਪੈਂਦਾ। ਹੁਣ 16 ਸਟੈਂਪਾਂ ਕਿਵੇਂ ਬਣਨਗੀਆਂ ? ਕਨੇਡੀਅਨ ਫਾਰਮ ਵਰਕਰ ਯੂਨੀਅਨ ਅੰਕੜਿਆਂ ਦੀ ਇਸ ਬਰਾਂਚ ਦੀ ਨਵੀਂ ਕੱਢੀ ਇਹ ਬੇਰੁਜ਼ਗਾਰੀ ਦੀ ਦਰ ਦਾ ਡਟ ਕੇ ਵਿਰੋਧ ਕਰਦੀ ਹੈ। ਅਸਲੀਅਤ ਵਿਚ ਇਸ ਇਲਾਕੇ ਦੀ ਬੇਰੁਜ਼ਗਾਰੀ ਦੀ ਦਰ 23 ਫੀ ਸਦੀ ਤੋਂ ਵੀ ਵੱਧ ਹੈ। ਫਾਰਮਰਾਂ ਦੀ ਇਸ ਦਲੀਲ ਨਾਲ ਵੀ ਸਹਿਮਤ ਨਹੀਂ ਕਿ ਉਨ੍ਹਾਂ ਨੂੰ ਕੰਮ ਦਾ ਰਿਕਾਰਡ ਰੱਖਣਾ ਮੁਸ਼ਕਲ ਹੈ। ਇਨਕਮ ਟੈਕਸ ਦੇ ਕਾਨੂੰਨ ਮੁਤਾਬਿਕ ਅਤੇ ਬੀ. ਸੀ. ਅਨਇੰਪਲਾਇਮੈਂਟ ਸਟੈਂਡਰਡ ਮੁਤਾਬਿਕ ਹਰ ਇਕ ਮਾਲਕ ਨੂੰ ਕੰਮ ਦਾ ਰਿਕਾਰਡ ਰੱਖਣਾ ਪੈਂਦਾ ਹੈ। 9 ਅਪਰੈਲ 1986 ਨੂੰ ਕਨੇਡੀਅਨ ਫਾਰਮ ਵਰਕਰ ਯੂਨੀਅਨ ਨੇ ਬਾਕੀ ਯੂਨੀਅਨਾਂ ਨਾਲ ਮਿਲਕੇ ਡਾਊਨ ਟਾਊਨ ਯੂ. ਆਈ. ਦੇ ਦਫਤਰ ਅੱਗੇ ਇਸ ਦੇ ਵਿਰੁੱਧ ਮੁਜ਼ਾਹਰਾ ਕੀਤਾ।

ਅਸੀਂ ਕਨੇਡੀਅਨ ਫਾਰਮ ਵਰਕਰ ਯੂਨੀਅਨ ਵਲੋਂ ਸਾਰੀ ਕਮਿਊਨਿਟੀ ਨੂੰ ਅਪੀਲ ਕਰਦੇ ਹਾਂ ਕਿ ਉਹ ਖੇਤ ਮਜ਼ਦੂਰਾਂ ਨਾਲ ਹੋ ਰਹੇ ਧੱਕੇ ਦਾ ਡਟ ਕੇ ਵਿਰੋਧ ਕਰੇ। ਅਸੀਂ ਜਲਦੀ ਹੀ ਫਾਰਮਵਰਕਰ ਯੂਨੀਅਨ ਵੱਲੋਂ ਯੂ. ਆਈ. ਕਾਨੂੰਨ ਰਾਹੀਂ ਖੇਤ ਮਜ਼ਦੂਰਾਂ ਨਾਲ ਹੋ ਰਹੇ ਵਿਤਕਰਿਆਂ ਵਿਰੁਧ ਇਕ ਮੁਜ਼ਾਹਰਾ ਕਰ ਰਹੇ ਹਾਂ। ਇਸ ਮੁਜ਼ਾਹਰੇ ਵਿਚ ਆਪਾਂ ਸਾਰਿਆਂ ਨੂੰ ਹਿਸਾ ਲੈਣਾ ਚਾਹੀਦਾ ਹੈ। ਮੁਜ਼ਾਹਰੇ ਦੀ ਤਾਰੀਖ, ਸਮਾਂ ਅਤੇ ਜਗ੍ਹਾ ਆਉਣ ਵਾਲੇ ਅੰਕ ਵਿਚ ਦੇਵਾਂਗੇ। ਅਸੀਂ ਇਕ ਵਾਰੀ ਫੇਰ ਕਨੇਡੀਅਨ ਫਾਰਮ ਵਰਕਰ ਯੂਨੀਅਨ ਵਲੋਂ ਆਪਣੀ ਸਾਰੀ ਕਮਿਊਨਿਟੀ ਦਾ ਸਹਿਯੋਗ ਮੰਗਦੇ ਹਾਂ।

ਨੋਟ :— ਅਗਲੇ ਅੰਕਾਂ ਵਿਚ ਕਨੇਡੀਅਨ ਫਾਰਮਵਰਕਰ ਯੂਨੀਅਨ ਵਲੋਂ ਵਰਕਰ ਕੰਪਨਸ਼ੇਸਨ ਬਾਰੇ ਅਤੇ ਮਿਨੀਮੱਮ ਵੇਜ਼ ਬਾਰੇ ਲੇਖ ਪੜ੍ਹੋ। ਹੋਰ ਜਾਣਕਾਰੀ ਲਈ ਯੂਨੀਅਨ ਦੇ ਦਫਤਰ ਫੋਨ ਕਰੋ :—

ਫੋਨ : 430-6055

# ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਜਾਂਦੇ ਹੋਣ ਜੇ ਸਰੀ ਨੂੰ, ਪਹੁੰਚ ਟਰਾਂਟੋ ਜਾਣ — ਗਜਪਤ ਕਵੀ ਰਾਏ
— ਦਾੜ੍ਹੀ ਮੁੱਛਾਂ ਰਖਕੇ ਕਿਉਂ 'ਗਜਪਤ' ਅਖਵਾਏ - ਕਿਉਂ ਗਜਪਤ ਅਖਵਾਏ ਝੂਠਾ ਕਵੀ ਰਾਏ — ਮਾਨਵਤਾ ਦੇ ਦੋਖੀਆਂ ਤੋਂ ਵੱਢੀ ਖਾਏ ਗਜਪਤ ਰਾਏ।
- ਫੈਡਰੇਸ਼ਨ ਵਿਚ ਦੁਫਾੜ ਵਧਿਆ — ਕੈਨੇਡਾ ਦਰਪਣ
— ਕਾਂਗਰਸ ਦੇ ਇਸ਼ਾਰਿਆਂ ਦਾ ਨਤੀਜਾ ?
- ਦੇਸ ਪ੍ਰਦੇਸ ਦਾ ਐਡੀਟਰ ਸ਼ਰਾਬੀ ਹੋਇਆ ਫੜਿਆ ਗਿਆ — ਕੈ: ਦਰਪਣ
— ਦੂਜੇ ਖਾਲਿਸਤਾਨੀ ਐਡੀਟਰ ਦਾ ਕੀ ਬਣੂੰ ਬਾਬਿਓ ?
- ਬਨਾਉਟੀ ਦਾੜ੍ਹੀਆਂ .... — ਸੰਘਰਸ਼
— ਤੋਤਿਆਂ ਨੇ ਲਾ ਲਈਆਂ।
- ਰੀਗਨ ਨੇ ਹਿਟ ਲਿਸਟ ਤਿਆਰ ਕਰ ਲਈ — ਸੰਘਰਸ਼
- ਪੰਜਾਬ 'ਚ ਰੀਗਨ ਨੇ ਹੀ ਇਹ ਬੂਟਾ ਲਾਇਆ ਸੀ।
- ਭਾਵੇਂ ਸਾਰਾ ਹਰਿਆਣਾ ਪੰਜਾਬ ਨੂੰ ਦੇ ਦਿਓ — ਭਜਨ ਲਾਲ
— ਤੇਰੇ ਬਾਪ ਦਾ ਜੋ ਹੋਇਆ।
- ਨਿਰਪੱਖਤਾ ਦੀ ਅਪੀਲ — ਇਂ: ਕੈ: ਟਾਈਮਜ਼
— ਸਜਦੀ ਨਹੀਂ ਫਿਰਕੂ ਜਨੂੰਨੀ ਦੇ ਮੁਖ ਤੋਂ।
- ਬੇਨਜ਼ੀਰ ਭੁੱਟੋ ਦਾ ਪਾਕਿਸਤਾਨ ਵਿਚ ਥਾਂ ਥਾਂ ਸੁਆਗਤ — ਇਂ: ਕ: ਟਾ:
— ਸਾਹਬ ਜ਼ਿਆ ਦਾ ਕੀ ਬੰਣੂ ਹੁਣ।
- 'ਤੇਲ ਦੀ ਪੀਪੀ' — ਗੁਰਦੇਵ ਸਿਘ ਮਾਨ
— ਡੋਲ੍ਹੇਗਾ ਤੁਹਾਡੇ ਉਤੇ ਹੀ ਮਿੱਤਰ ਸੰਪਾਦਕ।
- ਸਿਖ ਕੌਮ ਸ਼ਰਮ ਨਾਲ ਮਰੀ ਪਈ ਹੈ — ਇੰਡੋ ਕ: ਟਾ:
— ਅਨਪੜ੍ਹ ਸੰਪਾਦਕ ਦੀਆਂ ਕਰਤੂਤਾਂ ਤੋਂ
- ਗੁਰੂ ਘਰ 'ਚ ਸ਼ਰਾਬੀ ..... ਮੂੰਹ ਕਾਲਾ ਕੀਤਾ — ਇੰਡੋ ਕੈ: ਟਾ:
— ਸ਼ਰਾਬੀ ਹੋ ਕੇ ਸੰਪਾਦਕੀ ਲਿਖਣ ਵਾਲੇ ਦੀ ਵਾਰੀ ਆਈ ਹੁਣ।

ਚੂਰ-ਚੂਰ ਰੋੜ ਗਲੀ ਤੇਰੀ ਦੇ
ਘੁੰਗਣੀਆਂ ਵੱਤ ਚੱਬ ਲਏ ਵੇ.
'ਕੱਠੇ ਕਰ ਕਰ ਕੇ ਮੈਂ ਤੀਲੇ
ਬੁੱਕਲ ਵਿੱਚ ਧੁਖਾਏ ਵੇ.


**Non-smokers pay less** for insurance.



MOHINDAR SINGH GILL
B. Comm., M.B.A., C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Mohindar Singh Gill

Get your life in shape.

**United Realty Ltd.**

3879 Oak Street, Vancouver, B.C. V6H 2M6



Malkit Dhami,
M.A. (Eco.)

- BUYING
- SELLING

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

Member of Prestigious M.L.S. Medallion Club For 83-84 85-86

# ਵੀਜ਼ਾ ਫੀਸ ਖਤਮ ਕਰੋ ਬੀ. ਸੀ. ਸੰਘਰਸ਼ ਸੰਮਤੀ ਵਲੋਂ ਰੋਸ ਮੁਜ਼ਾਹਰਾ

28 ਅਪਰੈਲ ਦਿਨ ਸੋਮਵਾਰ ਪੰਜ ਵਜੇ ਬੀ. ਸੀ. ਸੰਘਰਸ਼ ਸੰਮਤੀ ਨੇ ਪੈਨ ਪੈਸੀਫਿਕ ਹੋਟਲ ਤੇ ਰੋਸ ਵਲੋਂ ਪਿਕਟ ਲਾਈ। ਇਹ ਪਿਕਟ ਦਾ ਭਾਵ ਇਮੀਗਰੇਸ਼ਨ ਮਨਿਸਟਰ, ਵਾਲਟਰ ਮੈਕਲੇਨ ਨੂੰ ਇਹ ਰੋਸ ਪ੍ਰਗਟ ਕਰਨਾ ਸੀ ਕਿ ਜੋ ਇਮੀਗਰੈਂਟਾਂ ਤੇ ਫੀਸ ਲਾਈ ਹੈ ਅਸੀਂ ਉਸਦਾ ਸਖਤ ਵਿਰੋਧ ਕਰਦੇ ਹਾਂ। ਸਿਟੀਜ਼ਨ ਦੇ ਤੌਰ ਤੇ ਅਸੀਂ ਟੈਕਸ ਦਿੰਦੇ ਹਾਂ ਤੇ ਇਹ ਸਰਵਿਸ ਸਾਨੂੰ ਮੁਫਤ ਹੋਣੀ ਚਾਹੀਦੀ ਹੈ। ਫੀਸ ਦੇ ਕਾਨੂੰਨ ਬਣਾਉਣ ਨਾਲ ਇਮੀਗਰੈਂਟਾਂ ਨੂੰ ਡਬਲ ਟੈਕਸ ਲਾਇਆ ਗਿਆ ਹੈ। ਇਹ ਜਨੀਵਾ ਦੀ ਅੰਤਰਰਾਸ਼ਟਰੀ ਕਨਵੈਨਸ਼ਨ ਦੇ ਭੀ ਵਿਰੁਧ ਹੈ ਜਿਸ ਵਿਚ ਇਹੋ ਜਿਹੀ ਫੀਸ ਦੀ ਮਨਾਹੀ ਦੀ ਸੰਧੀ ਲਈ ਕੈਨੇਡੀਅਨ ਸਰਕਾਰ ਨੇ ਦਸਤਖਤ ਕੀਤੇ।

ਜੋ ਸੂਚਨਾ ਵੰਡੀ ਗਈ ਸੀ ਉਸ ਵਿਚ ਇਹ ਭੀ ਦੋਸ਼ ਲਾਇਆ ਗਿਆ ਸੀ ਕਿ ਟੋਰੀ ਸਰਕਾਰ ਉਤੋਂ ਉਤੋਂ ਮਿਠੀਆਂ ਮਿਠੀਆਂ ਗੱਲਾਂ ਕਰਦੀ ਹੈ ਪਰ ਇਨ੍ਹਾਂ ਦਾ ਅਸਲੀ ਭਾਵ ਤੀਜੇ ਮੁਲਕਾਂ ਯਾਨੀ ਗਰੀਬ ਮੁਲਕ ਦੇ ਲੋਕਾਂ ਦਾ ਹੌਂਸਲਾ ਗਿਰਾਉਣਾ ਹੈ। ਜਿਹੜੇ ਲੋਕ ਇਸਤਰੀਆਂ ਜਾਂ ਮਰਦ, 10.000 ਤੋਂ ਘੱਟ ਕਮਾਉਂਦੇ ਹਨ ਉਨ੍ਹਾਂ ਨੂੰ ਆਪਦੇ ਪਰਵਾਰਾਂ ਨੂੰ ਮੰਗਵਾਉਣ ਦਾ ਕੋਈ ਹੱਕ ਨਹੀਂ। ਅਤੇ ਮਨੁੱਖੀ ਅਤੇ ਹਮਦਰਦੀ ਦੀ ਭਾਵਨਾਂ ਦਾ ਕਾਨੂੰਨ ਤੇ ਇਹਦੀਆਂ ਧਾਰਾਵਾਂ ਏਨੀਆਂ ਘੁਟਵੀਆਂ ਤੇ ਤੰਗ ਬਣਾਈਆਂ ਗਈਆਂ ਹਨ ਕਿ 90 ਫੀ ਸਦੀ ਤੋਂ ਉਤੇ ਅਰਜ਼ੀਆਂ ਰੱਦ ਹੋ ਜਾਂਦੀਆਂ ਹਨ। ਸਰਕਾਰ ਇਮੀਗਰੈਂਟਾਂ ਦਾ ਲਹੂ ਚੂਸਣ ਤੱਕ ਜਾਂਦੀ ਹੈ ਪਰ ਇਨ੍ਹਾਂ ਦੀ ਮਦਦ ਕਰਨ ਵਾਲੀਆਂ ਏਜੰਸੀਆਂ ਨੂੰ ਫੰਡ ਨਹੀਂ ਵਧਾ ਰਹੀ। ਪਰਾਏ ਮੁਲਕ ਵਿਚ ਵਸਣ ਲਈ ਨਵੇਂ ਆਇਆਂ ਨੂੰ ਬਹੁਤ ਤਕਲੀਫਾਂ ਆਉਂਦੀਆਂ ਹਨ। ਸਪਾਂਸਰ ਪਰਵਾਰਾਂ ਵਿਚ ਮਰਦ ਪਹਿਲੋਂ ਆਉਂਦੇ ਹਨ ਤੇ ਫਿਰ ਸਖਤ ਮਿਹਨਤ ਕਰਕੇ ਇਕ ਦੋ ਸਾਲ ਵਿਚ ਆਪਦੇ ਪਰਵਾਰ ਨੂੰ ਬੁਲਾਉਂਦੇ ਹਨ। ਘਰ ਦਾ ਸਾਮਾਨ ਬਣਾਉਣਾ, ਕਿਰਾਇਆ ਧਰਨਾ ਆਦਿ ਦਾ ਬਹੁਤ ਹੀ ਖਰਚਾ ਆਉਂਦਾ ਹੈ। ਇਸੇ ਸਮੇਂ ਅਰਜ਼ੀ ਦੇਣ ਵੇਲੇ ਜਿਸ ਵਿਅਕਤੀ ਨੂੰ 125 ਡਾਲਰ ਦੇਣੇ ਪੈਣ ਤਾਂ ਉਸ ਉਤੇ ਇਸ ਵਾਧੂ ਲੱਗੇ ਟੈਕਸ ਦਾ ਕਾਫੀ ਭਾਰੀ ਪਵੇਗਾ।

ਪਿਕਟ ਦੇ ਵਿਚ ਕਈ ਨੌਜੁਆਨਾਂ ਤੇ ਬਜ਼ੁਰਗਾਂ ਨੇ ਹਿਸਾ ਪਾਇਆ। ਨੌਜੁਆਨਾਂ ਵਿਚ ਸੁਖਵੰਤ ਹੁੰਦਲ, ਗੁਰਪ੍ਰਤਾਪ ਰੰਧਾਵਾ, ਨਰਿੰਦਰ ਪੰਨੂੰ, ਸਤਿੰਦਰ ਸਿੱਧੂ, ਸਰਬਜੀਤ ਹੁੰਦਲ ਤੇ ਪੂਨਮ ਖੋਸਲਾ ਸਨ। ਬਜ਼ੁਰਗ ਭੀ ਵਧਾਈ ਦੇ ਪਾਤਰ ਹਨ। ਇਨ੍ਹਾਂ ਵਿਚੋਂ ਜਵਾਲਾ ਸਿੰਘ ਗਰੇਵਾਲ, ਪ੍ਰੀਤਮ ਸਿੰਘ ਲਿਧੜ, ਕਰਨੈਲ ਸਿੰਘ ਢਿਲੋਂ, ਲਛਮਣ ਸਿੰਘ ਛੋਕਰ, ਚੈਨ ਸਿੰਘ ਅਤੇ ਤਿੰਨ ਚਾਰ ਗੋਰੇ ਮੇਸਨ ਬਰੂਸ ਅਤੇ ਬੀ. ਸੀ. ਆਫਰ ਦੀ ਮੀਤ ਪਰਧਾਨ ਕੇ ਰਾਇਨ ਭੀ ਸ਼ਾਮਿਲ ਹੋਈ ਜਦ ਦੋ ਘੰਟੇ ਪਿਕਟ ਨਾ ਚੱਕੀ, CJOR ਅਤੇ ਹੋਰ ਮੀਡੀਆ ਆਉਣ ਲੱਗਿਆ ਤਾਂ ਮਨਿਸਟਰ ਨੇ ਤਿੰਨ ਬੰਦੇ ਗੱਲ ਕਰਨ ਲਈ ਪਿਕਟ ਲਾਈਨ ਤੇ ਭੇਜੇ ਜਿਨ੍ਹਾਂ ਵਿਚੋਂ ਡੇਨੀਸਨ ਮੂਰ, ਮਨਿਸਟਰ ਦਾ ਸਪੈਸ਼ਲ ਇਸਿਸਟੈਂਟ ਭੀ ਸ਼ਾਮਿਲ ਸੀ। ਉਨ੍ਹਾਂ ਸਾਡੇ ਰੋਸ ਨੂੰ ਸੁਣਿਆ ਤੇ ਵਾਅਦਾ ਕੀਤਾ ਕਿ ਸਾਡਾ ਰੋਸ ਪੱਤਰ ਤੇ ਇਤਰਾਜ਼ ਮਨਿਸਟਰ ਤੱਕ ਪਹੁੰਚਾਉਣਗੇ।

ਉਸਤੋਂ ਬਾਅਦ ਮਨਿਸਟਰ ਨੇ ਸ਼ੈਰਾਟਨ ਲੈਂਡਮਾਰਕ ਵਿਚ ਘੱਟ ਗਿਣਤੀ ਲੋਕਾਂ ਨਾਲ ਖਾਣਾ ਖਾਣਾ ਸੀ। ਬੀ. ਸੀ. ਸੰਘਰਸ਼ ਸੰਮਤੀ ਦੇ ਚਾਰ ਪ੍ਰਤੀਨਿਧ ਉਥੇ ਪਹੁੰਚੇ। ਸਾਰੇ ਲੋਕਾਂ ਨੂੰ ਰੋਸ ਪੱਤਰ ਵੰਡਿਆ ਗਿਆ। ਉਥੇ ਭਾਰਤੀ, ਪੰਜਾਬੀ, ਪਾਕਿਸਤਾਨੀ, ਫਿਜ਼ੀਅਨ, ਅਫਗਾਨ ਤੇ ਚੀਨੇ ਲੋਕਾਂ ਦੇ ਪ੍ਰਤੀਨਿਧ ਪਹੁੰਚੇ ਹੋਏ ਸਨ।

ਜਦ ਮਨਿਸਟਰ ਨੇ ਆਪਣੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਾਲੀ ਸਪੀਚ ਕੀਤੀ ਤੇ ਜਿਤਲਾਇਆ ਕਿ ਉਹ ਰੰਗਦਾਰ ਲੋਕਾਂ ਦਾ ਬਹੁਤ ਹੀ ਮਿਤਰ ਹੈ। ਜਦ ਸਵਾਲ ਜਵਾਬ ਹੋਣ ਲੱਗੇ ਤਾਂ ਚਰਨਪਾਲ ਗਿੱਲ ਨੇ ਪੁੱਛਿਆ ਕਿ ਇਉਂ ਜਾਪਦਾ ਹੈ ਕਿ ਮਨਿਸਟਰ ਸਾਡੇ ਰੰਗਦਾਰ ਲੋਕਾਂ ਨਾਲ ਬਹੁਤ ਪਿਆਰ ਰੱਖਦਾ ਹੈ ਤੇ ਉਸਨੂੰ ਸਾਡੀਆਂ ਦੁਖ ਤਕਲੀਫਾਂ ਦਾ ਅਹਿਸਾਸ ਹੈ ਤੇ ਉਸਨੂੰ ਇਹ ਭੀ ਪਤਾ ਹੈ ਕਿ ਇਮੀਗਰੈਂਟਾਂ ਨੂੰ ਪਹਿਲੋਂ ਪਹਿਲ ਘੱਟ ਤਨਖਾਹਾਂ ਵਾਲੀਆਂ ਨੌਕਰੀਆਂ ਮਿਲਦੀਆਂ ਹਨ ਇਸ ਕਰਕੇ ਉਸਨੂੰ ਚਾਹੀਦਾ ਹੈ ਕਿ ਫੀਸ ਦੀ ਕਟੌਤੀ ਕਰੇ। ਮਨਿਸਟਰ ਨੇ ਕਿਹਾ ਕਿ ਉਹ ਇਸ ਗੱਲ ਵੱਲ ਧਿਆਨ ਦੇਵੇਗਾ ਤੇ ਹੋ ਸਕਦਾ ਹੈ ਜਿਸ ਤਰ੍ਹਾਂ ਵੈਲਫੇਅਰ ਤੇ ਲੋਕਾਂ ਨੂੰ ਕੋਈ ਫੀਸ ਨਹੀਂ ਇਸੇ ਤਰ੍ਹਾਂ ਹੀ ਘੱਟ ਕਮਾਉਣ ਵਾਲਿਆਂ ਨੂੰ ਹੋ ਸਕਦਾ ਹੈ ਉਹ ਫੀਸ ਘੱਟ ਕਰੇ। ਹਰਬ ਧਾਲੀਵਾਲ ਨੇ ਮਨਿਸਟਰ ਨੂੰ ਸੁਝਾਅ ਦਿਤਾ ਕਿ ਜੋ ਇਸਤਰੀ ਜਾਂ ਮਰਦ ਦਸ ਹਜ਼ਾਰ ਡਾਲਰ ਨਹੀਂ ਕਮਾਉਂਦੇ ਉਹ ਆਪਦੇ ਮਾਂ ਪਿਓ ਜਾਂ ਕੋਈ ਭੈਣ ਭਰਾ ਤੋਂ ਸਾਂਝੇ ਦਸਤਖਤ ਕਰਾਉਣ ਦੇ ਹੱਕਦਾਰ ਹੋ ਸਕਣ। ਉਨ੍ਹਾਂ ਨੇ ਇਹ ਭੀ ਸਵਾਲ ਉਠਾਇਆ ਕਿ ਜਦ ਇਕ ਵਾਰੀ ਕੋਈ ਵਿਅਕਤੀ ਮੈਡੀਕਲ 'ਚੋਂ ਪਹਸ ਜਾਵੇ ਤਾਂ ਵੀਜ਼ਾ ਲੈਣ ਤੱਕ ਉਸਦਾ ਮੈਡੀਕਲ ਬਰਕਰਾਰ ਰਹਿਣਾ ਚਾਹੀਦਾ ਹੈ ਕਿਉਂਕਿ ਕਈ ਵਾਰ ਪਰਵਾਰ ਦਾ ਇਕ ਬੰਦਾ ਫੇਲ੍ਹ ਹੋ ਜਾਵੇ ਤਾਂ ਉਨ੍ਹਾਂ ਨੂੰ ਦੋ ਤਿੰਨ ਸਾਲ ਦਾ ਚੱਕਰ ਪੈ ਜਾਂਦਾ ਹੈ। ਮੋਤਾ ਸਿੰਘ ਝੀਤਾ ਨੇ ਬੇਨਤੀ ਕੀਤੀ ਕਿ ਇਮੀਗਰੇਸ਼ਨ ਪੰਜਾਬ ਵਿਚ ਇਕ ਛੋਟਾ ਜਿਹਾ ਦਫਤਰ ਖੋਲ੍ਹੇ। ਅਜ਼ੀਜ਼ ਖਾਕੀ ਨੇ ਕਿਹਾ ਕਿ ਅਪੀਲਾਂ ਬਹੁਤ ਪਿੱਛੇ ਪੈ ਰਹੀਆਂ ਹਨ ਤੇ ਮਨਿਸਟਰ ਨੂੰ ਅਪੀਲ ਬੋਰਡ ਵਧਾਉਣੇ ਚਾਹੀਦੇ ਹਨ ਤੇ ਇਨ੍ਹਾਂ ਵਿਚ ਰੰਗਦਾਰ ਲੋਕਾਂ ਨੂੰ ਨਿਯੁਕਤ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਅਫਗਾਨ ਲੋਕਾਂ ਨੇ ਆਪਦੇ ਦੁਖ ਰੋਏ।

ਬਹੁਤ ਸਾਰੇ ਹੋਰ ਭੀ ਸਵਾਲ ਪੁੱਛੇ ਗਏ ਜੋ ਕਿ ਮਨਿਸਟਰ ਨੇ ਲਿਖੇ ਤੇ ਵਾਅਦਾ ਕੀਤਾ ਕਿ ਉਹ ਗੌਰ ਫੁਰਮਾਏਗਾ। ਸਾਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਨਿਰਾ ਹੱਥ ਮਿਲਾ ਕੇ, ਰੋਟੀਆਂ ਨਾਲ ਖਾ ਕੇ ਤੇ ਪਿਆਰ ਨਾਲ ਗੱਲ ਨਹੀਂ ਬਣਨੀ ਸਗੋਂ ਜਦ ਕੋਈ ਧੱਕੇ ਵਾਲਾ ਕਾਨੂੰਨ ਬਣੇ ਤਦ ਸਰਕਾਰ ਨੂੰ ਪਿਕਟਾਂ ਲਾ ਕੇ ਤੇ ਮੁਜ਼ਾਹਰਹੇ ਕਰਕੇ ਭੰਡਣਾ ਚਾਹੀਦਾ ਹੈ। ਸਾਨੂੰ ਦੋਨ੍ਹਾਂ ਤਰੀਕਿਆਂ ਦੀ ਲੋੜ ਹੈ। ਸਿਆਸੀ ਆਦਮੀ ਛੇਤੀ ਛੇਤੀ ਠੀਕ ਨਹੀਂ ਆਉਂਦੇ। ਇਹ ਹਰ ਇਕ ਨੂੰ ਹੀ ਲੱਡੂ ਤੇ ਮੁੰਡੇ ਬਖਸ਼ਦੇ ਹਨ। ਮਨਿਸਟਰ ਨੇ ਕੈਨੇਡਾ ਦੇ ਟੈਕਸ-ਪੇਅਰ ਨੂੰ ਇਮੀਗਰੈਂਟਾਂ ਤੇ ਵੀਜ਼ਾ ਫੀਸ ਲਾ ਕੇ ਖੁਸ਼ ਕੀਤਾ ਤੇ ਸਿਆਸੀ ਫਾਇਦਾ ਉਠਾਇਆ ਹੈ। ਕਿਉਂਕਿ ਇਮੀਗਰੈਂਟਾਂ ਦੀ ਸਿਆਸੀ ਤਾਕਤ ਘੱਟ ਹੈ ਤੇ ਇਹ ਆਮ ਤੌਰ ਤੇ ਗਰੀਬ ਤਬਕਾ ਹੈ ਤੇ ਇਨ੍ਹਾਂ ਨੂੰ ਕੌਣ ਪੁੱਛਦਾ ਹੈ। 1982 ਦੇ ਸਟੈਟ ਕਨੇਡਾ ਦੇ ਅਨੁਕੂਲ ਏਸ਼ੀਅਨ ਦੀ ਆਮਦਨ ਸਭ ਤੋਂ ਘੱਟ ਹੈ। ਸਿਰਫ ਆਦਿ ਵਾਸੀ ਸਾਥੋਂ ਥੱਲੇ ਹਨ। ਇਹ ਹੈ ਅਸਲੀਅਤ ਤੇ ਸਚਾਈ।

ਵਲੋਂ :— ਚਰਨਪਾਲ ਗਿੱਲ
ਪ੍ਰਧਾਨ ਬੀ. ਸੀ. ਓ. ਐਫ. ਆਰ.

# ਸੋਵੀਅਤ ਯੂਨੀਅਨ ਦੇ ਸੂਬੇ ਯੁਕਰੇਨ ਵਿਚ ਪ੍ਰਮਾਣੂ ਪਲਾਂਟ ਵਿਚ ਮਕੈਨੀਕਲ ਨੁਕਸ ਕਾਰਨ ਅੱਗ

ਵੈਨਕੂਵਰ — ਮਿਲੀਆਂ ਖਬਰਾਂ ਅਨੁਸਾਰ ਸ਼ਾਤੀ ਮਨੋਰਥਾਂ ਲਈ ਵਰਤਿਆ ਜਾਂਦਾ ਇਹ ਪ੍ਰਮਾਣੂ ਪਲਾਂਟ ਜਿਸ ਵਿਚ ਕੋਈ ਮਕੈਨੀਕਲ ਨੁਕਸ ਪੈ ਜਾਣ ਨਾਲ ਅੱਗ ਲਗ ਗਈ ਸੀ, ਹੁਣ ਅੱਗ ਉਤੇ ਕਾਬੂ ਪਾ ਲਿਆ ਗਿਆ ਹੈ। ਸੋਵੀਅਤ ਏਜੰਸੀ ਅਨੁਸਾਰ ਕੋਈ ਬਹੁਤਾ ਜਾਨੀ ਨੁਕਸਾਨ ਨਹੀਂ ਹੋਇਆ ਪਰ ਪੱਛਮੀ ਮੁਲਕਾਂ ਦੇ ਪ੍ਰਮਾਣੂ ਮਾਹਰਾਂ ਦਾ ਅਨੁਮਾਨ ਹੈ ਕਿ ਇਸ ਨਾਲ ਲੋਕਾਂ ਦੀ ਸੇਹਤ ਉਤੇ ਕਾਫੀ ਅਸਰ ਪਵੇਗਾ। ਕਿਉਂਕਿ ਇਸ ਲੀਕ ਕਾਰਨ ਵਾਤਾਵਰਣ ਦੂਸਿਤ ਹੋਵੇਗਾ ਅਤੇ ਫੇਫੜਿਆਂ ਦੇ ਰੋਗ ਜਾਂ ਕੈਂਸਰ ਫੈਲਣ ਦਾ ਖਤਰਾ ਹੈ। ਲਗਭਗ 25000 ਲੋਕਾਂ ਨੂੰ ਬਚਾਣ ਲਈ ਇਲਾਕੇ 'ਚੋਂ ਕੱਢਿਆ ਗਿਆ। ਇਸ ਤਰ੍ਹਾਂ ਦੀ ਇਕ ਦੁਰਘਟਨਾ ਅਮਰੀਕਾ ਦੇ ਤਿੰਨ ਮੀਲ ਲੰਬੇ ਜ਼ਜ਼ੀਰੇ ਵਿਚ ਵੀ ਕੋਈ ਲਗਭਗ ਚਾਰ ਸਾਲ ਪਹਿਲਾਂ ਵਾਪਰੀ ਸੀ ਜਿਸ ਨਾਲ ਜ਼ਜ਼ੀਰੇ ਨੂੰ ਕਾਫੀ ਨੁਕਸਾਨ ਹੋਇਆ ਸੀ ਪਰ ਪੱਛਮੀ ਪ੍ਰੈਸ ਨੇ ਇਸ ਬਾਰੇ ਕੋਈ ਖਬਰ ਨਾ ਛਾਪੀ ਫਿਰ ਇਕ ਫਿਲਮ ਨਿਰਮਾਤਾ ਨੇ ਜਦੋਂ ਇਸ ਉਤੇ ਫਿਲਮ ਬਣਾ ਦਿਤੀ ਤਾਂ ਲੋਕਾਂ ਨੂੰ ਇਸ ਤਬਾਹੀ ਦਾ ਪਤਾ ਲੱਗਿਆ।

# ਜਲੰਧਰ ਵਿਚ ਦੋਧੀ ਦਾ ਕਤਲ

ਜਲੰਧਰ — ਜਲੰਧਰ ਦੇ ਗੁਰਦੇਵ ਨਗਰ ਵਿਚ ਕੁੰਦਨ ਲਾਲ ਦੋਧੀ ਨੂੰ ਅਣਪਛਾਤੇ ਵਿਅਕਤੀਆਂ ਨੇ ਛੁਰੇ ਮਾਰ ਕੇ ਕਤਲ ਕਰ ਦਿਤਾ।

ਆਦਰਸ਼ ਨਗਰ ਦੇ ਅਵਿਨਾਸ਼ ਚੰਦਰ ਨੂੰ ਵੀ ਤਿੰਨ ਅਣਪਛਾਤੇ ਬੰਦਿਆਂ ਨੇ ਛੁਰਿਆਂ ਨਾਲ ਜ਼ਖਮੀ ਕੀਤਾ।

ਲੰਬਾ ਪਿੰਡ ਬਸਤੀ ਵਿਚ ਹਰਨੇਕ ਸਿੰਘ ਨਾਂ ਦੇ ਵਿਅਕਤੀ ਤੋਂ ਪਿਸਤੌਲ ਦਿਖਾ ਕੇ ਸਕੂਟ ਖੋਹ ਲਿਆ ਗਿਆ।

# ਜੋਧਪੁਰ ਦੇ ਕੈਦੀਆਂ ਨੂੰ ਜੇਲ੍ਹ ਵਿਚ ਹੀ ਰੱਖਿਆ ਜਾਵੇ

ਜੋਧਪੁਰ — ਰਾਜਸਥਾਨ ਦੀ ਸਰਕਾਰ ਨੇ ਜੇਲ੍ਹ ਅਧਿਕਾਰੀਆਂ ਨੂੰ ਇਹ ਹਦਾਇਤ ਦਿਤੀ ਹੈ ਕਿ ਜਿਨ੍ਹਾਂ ਲੋਕਾਂ ਉਤੇ ਦੇਸ਼ ਵਿਰੁੱਧ ਕਾਰਵਾਈ ਅਤੇ ਦਹਿਸ਼ਤਪਸੰਦੀ ਦੇ ਇਲਜ਼ਾਮ ਹਨ ਉਹਨਾਂ ਨੂੰ ਜੇਲ੍ਹ ਵਿਚੋਂ ਬਾਹਰ ਕਚਹਿਰੀਆਂ ਵਿਚ ਜਾਣ ਦੀ ਆਗਿਆ ਵੀ ਨਾ ਦਿਤੀ ਜਾਵੇ। ਉਹਨਾਂ ਦੇ ਕੇਸ ਜੇਲ੍ਹ ਵਿਚ ਹੀ ਸੁਣੇ ਜਾਣ। ਇਸ ਤੋਂ ਪਹਿਲਾਂ ਜੋਧਪੁਰ ਵਿਚ ਬੰਦ 350 ਵਿਅਕਤੀਆਂ ਦੇ ਰਿਸ਼ਤੇਦਾਰਾਂ ਦੀਆਂ ਮੁਲਾਕਾਤਾਂ ਵੀ ਬੰਦ ਕਰ ਦਿਤੀਆਂ ਗਈਆਂ ਹਨ।

ਬੀ. ਸੀ. ਸੰਘਰਸ਼ ਸੰਮਤੀ ਵਲੋਂ

## ਪਬਲਿਕ ਮੀਟਿੰਗ

ਅਤੇ

ਡੈਨਿਸ ਫੋਨ ਦਾ ਡਰਾਮਾ

## 'ਚਮੜੀ'

ਜੋ ਕਿ ਗਰੀਨ ਥੰਬ ਥੀਏਟਰ ਰਾਹੀਂ ਖੇਡਿਆ ਜਾਵੇਗਾ

**ਬੁਲਾਰੇ :**

- ਚਰਨਪਾਲ ਗਿੱਲ ਪ੍ਰਧਾਨ ਬੀ. ਸੀ. ਓ. ਐਫ. ਆਰ
- ਰਾਏ ਮਿੱਕੀ ਜਾਪਾਨੀ-ਕੈਨੇਡੀਅਨ ਸਿਟੀਜ਼ਨਜ਼ ਐਸੋ: ਰੀਡਰੈਸ ਕਮੇਟੀ
- ਲੀਅ ਮੈਰੇਕਲ ਨੇਟਿਵ ਇੰਡੀਅਨਜ਼ ਦਾ ਸਰਗਰਮ ਕਾਰਕੁੰਨ

ਮਨੋਰੰਜਨ ਲਈ ਗੀਤ ਸੰਗੀਤ ਹੋਵੇਗਾ

ਸਮਾਂ : 2 ਵਜੇ ਬਾਅਦ ਦੁਪਹਿਰ

## 1 ਜੂਨ, 1986 ਦਿਨ ਐਤਵਾਰ

ਸ਼ਾਮ 6.00 ਵਜੇ ਖਾਣਾ

ਕਾਰਪੈਂਟਰਜ਼ ਹਾਲ - 726 - 12 ਸਟਰੀਟ

ਨਿਊਵੈਸਟਮਿਨਸਟਰ, ਬੀ. ਸੀ.

**ਟਿਕਟਾਂ :— 5 ਡਾਲਰ/ਬਾਲਗ : 3 ਡਾਲਰ/ਬੇਰੁਜ਼ਗਾਰ ਤੇ ਵਿਦਿਆਰਥੀ ਬਾਰਾਂ ਬਾਰਾਂ ਸਾਲ ਤੋਂ ਥੱਲੇ ਬੱਚੇ ਫਰੀ**

ਟਿਕਟਾਂ ਵਿਚ ਖਾਣਾ ਤੇ ਪ੍ਰੋਗਰਾਮ ਸ਼ਾਮਲ ਹਨ

ਸਿਰਫ 300 ਸੀਟਾਂ ਦਾ ਹੀ ਹਾਲ ਹੈ — ਜਲਦੀ ਟਿਕਟਾਂ ਲਵੋ ਤੇ ਬੱਚਿਆਂ ਦੀ ਦੇਖਭਾਲ ਲਈ ਦੋ ਹਫਤੇ ਪਹਿਲਾਂ ਸੂਚਨਾ ਦਿਓ। ਪ੍ਰਬੰਧ ਕੀਤਾ ਗਿਆ ਹੈ।

ਟਿਕਟਾਂ ਖਰੀਦਣ ਲਈ ਫੋਨ ਕਰੋ :—
ਚਰਨਪਾਲ ਗਿੱਲ - 576-2307 : ਕੇ ਰੇਇਨ — 433-6998 : ਮੇਸਨ ਹੈਰਿਸ — 987-5339 : ਗੁਰਬੀਰ ਗਿੱਲ — 584-5102 : ਹੈਰੀ ਧਿੰਗਰਾ — 589-1924 : ਗੁਰਪ੍ਰਤਾਪ ਰੰਧਾਵਾ — 946-7224 : ਸਤਿੰਦਰ ਸਿੱਧੂ — 856-5993 ਜਾਂ ਬੀ. ਸੀ. ਓ. ਐਫ. ਆਰ. ਸੁਸਾਇਟੀ — 872-3828


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- RRSP

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167



## ਪਿੱਕਰਾਂ ਦੀ ਲੋੜ

ਸਾਨੂੰ ਪਿੱਕਰਾਂ ਦੀ ਲੋੜ ਹੈ। ਸਾਡੇ ਫਾਰਮ ਵਿਚ ਰਸ ਬੇਰੀ, ਸਟਰਾਅ ਬੇਰੀ, ਗੋਭੀ, ਬਰੌਕਲੀ ਅਤੇ ਸਪੌਰਟਾਂ ਦਾ ਕੰਮ ਹੁੰਦਾ ਹੈ। ਕੰਮ ਪੂਰਾ ਸੀਜ਼ਨ ਚਲੇਗਾ। ਸਟੈਂਪਾਂ ਵੀ ਬਣਾਈਆਂ ਜਾਣਗੀਆਂ। ਰੇਟ ਵਾਜਬ ਦਿਤਾ ਜਾਵੇਗਾ। ਕੰਮ ਹੁਣ ਤੋਂ ਹੀ ਸ਼ੁਰੂ ਹੈ। ਪਿੱਕਰਾਂ ਦੇ ਰਹਿਣ ਲਈ ਨਵੀਆਂ ਵਧੀਆ ਕੈਬਨਾਂ ਦਾ ਵੀ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :—

ਗੁਰਮੀਤ ਸਿੰਘ
ਫ਼ੋਨ : 856-7555
853-9319

# ਸਰਬੱਤ ਖਾਲਸਾ ਦੀ ਪ੍ਰਥਾ

—ਸੰਤ ਸਿੰਘ ਸੇਖੋਂ—

ਸਰਬੱਤ ਖਾਲਸਾ ਸੱਦਣ ਦੀ ਪ੍ਰਥਾ ਬਾਰੇ ਪਿਛਲੇ ਵਰ੍ਹੇ ਵਿਚ ਸਿੱਖ ਵਿਦਵਾਨਾਂ ਵਲੋਂ ਭਿੰਨ ਭਿੰਨ ਵਿਚਾਰ ਪ੍ਰਗਟ ਕੀਤੇ ਗਏ ਹਨ। ਪਰ ਜਿਥੋਂ ਤੱਕ ਮੈਨੂੰ ਗਿਆਨ ਹੈ, ਇਨ੍ਹਾਂ ਵਿਚ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿਤਾ ਗਿਆ ਕਿ ਸਰਬੱਤ ਖਾਲਸਾ, ਜਿਸ ਦੀ ਪ੍ਰਥਾ ਬੰਦਾ ਬਹਾਦਰ ਦੀ ਸ਼ਹੀਦੀ ਉਪਰੰਤ ਸੰਨ 1721 ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਤਕ ਚਲਦੀ ਰਹੀ, ਹਮੇਸ਼ਾ ਮੁਗਲ ਰਾਜ ਵਿਰੁੱਧ ਰਣਨੀਤੀ ਉਲੀਕਣ ਲਈ ਸੱਦਿਆ ਜਾਂਦਾ ਸੀ। ਇਸ ਦਾ ਮਨੋਰਥ ਸਿੱਖ ਪੰਥ ਵਿਚ ਵਿਚਾਰ ਭੇਦਾਂ ਤੋਂ ਉਤਪੰਨ ਹੋਈ ਸਥਿਤੀ ਨੂੰ ਸੁਲਝਾਣਾ ਜਾਂ ਉਲਝਾਣਾ ਨਹੀਂ ਸੀ ਹੁੰਦਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਤੀ ਪਿਛੋਂ ਸਰਬੱਤ ਖਾਲਸਾ ਸੱਦਣ ਦੀ ਲੋੜ ਕਦੀ ਉਤਪੰਨ ਨਾ ਹੋਈ। ਇਕ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਆਪ ਹੀ ਸਰਬੱਤ ਖਾਲਸਾ ਜਾਂ ਸਰਕਾਰ ਖਾਲਸਾ ਸੀ। ਸਿੱਖ ਰਾਜ ਦੀ ਸਮਾਪਤੀ ਪਿਛੋਂ ਸਿੱਖਾਂ ਨੇ ਕੋਈ 70 ਸਾਲ ਤੱਕ ਗੁਲਾਮੀ ਦੀ ਨੀਂਦ ਤੋਂ ਅੱਖ ਨਾ ਖੋਲ੍ਹੀ, ਇਸ ਲਈ ਉਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਕਿਸੇ ਰਣਨੀਤੀ ਨੂੰ ਉਲੀਕਣ ਦੀ ਲੋੜ ਨਾ ਪਈ। ਤੇ ਫਿਰ ਜਦੋਂ ਦੇਸ਼ ਵਿਚ ਅੰਗਰੇਜ਼ੀ ਸਾਮਰਾਜ ਵਿਰੁੱਧ ਸੰਘਰਸ਼ ਜ਼ੋਰ ਫੜ ਗਿਆ ਤਾਂ ਇਸ ਦੀ ਅਗਵਾਈ ਸਾਰੇ ਭਾਰਤੀਆਂ ਦੀ ਪ੍ਰਤੀਨਿਧ ਸੰਸਥਾ, ਭਾਰਤੀ ਰਾਸ਼ਟਰੀ ਕਾਂਗਰਸ, ਦੇ ਹੱਥ ਵਿਚ ਆ ਗਈ।

## ਸਵੀਕਾਰ

1947 ਤੋਂ ਪਿਛੋਂ ਸੁਤੰਤਰ ਭਾਰਤ ਵਿਚ ਸਿੱਖਾਂ ਨੇ ਸਰਬਸੰਮਤੀ ਨਾਲ ਭਾਰਤ ਦਾ ਇਕ ਅੰਗ ਬਣਨਾ ਸਵੀਕਾਰ ਕਰ ਲਿਆ। ਭਾਰਤੀ ਰਾਸ਼ਟਰ ਵਿਚ ਆਪਣੀ ਸਥਿਤੀ ਨੂੰ ਸੁਰੱਖਿਅਤ ਕਰਨ ਤੇ ਸੁਧਾਰਨ ਲਈ ਸਿੱਖਾਂ ਦੇ ਵੱਡੇ ਭਾਗ ਦੇ ਕਾਂਗਰਸ ਦੀ ਨੀਤੀ ਨਾਲ ਭੇਦ ਉਤਪੰਨ ਹੋਏ ਤੇ ਭਾਰਤੀ ਸੰਘ ਵਿਚ ਇਕ ਨਿਰੋਲ ਪੰਜਾਬੀ ਰਾਜ ਉਲੀਕਣ ਦੀ ਮੰਗ ਜ਼ੋਰ ਫੜ ਗਈ। ਇਸ ਸੰਘਰਸ਼ ਵਿਚ ਸਿੱਖਾਂ ਦੇ ਕਿਸੇ ਭਾਗ ਨੇ ਦਿੱਲੀ ਦੀ ਸਰਕਾਰ ਵਿਰੁੱਧ ਸਰਬੱਤ ਖਾਲਸਾ ਸੱਦਣ ਦੀ ਲੋੜ ਅਨੁਭਵ ਨਾ ਕੀਤੀ। ਨਿਰੋਲ ਪੰਜਾਬੀ ਰਾਜ ਦਾ ਉਲੀਕਣਾ ਭਾਰਤੀ ਸੰਘ ਦੀਆਂ ਸੀਮਾਵਾਂ ਵਿਚ ਹੀ ਹੋਰ ਭਾਸ਼ਾਈ ਰਾਜਾਂ ਦੇ ਉਲੀਕਣ ਵਰਗੀ ਇਕ ਸਮੱਸਿਆ ਸਮਝੀ ਜਾਂਦੀ ਰਹੀ। ਭਾਵੇਂ ਦਿੱਲੀ ਸਰਕਾਰ ਕੁਝ ਠੋਸ ਕਾਰਨਾਂ ਕਰਕੇ ਨਿਰੋਲ ਪੰਜਾਬੀ ਰਾਜ ਉਲੀਕਣ ਦੀ ਮੰਗ ਨੂੰ ਚੋਖਾ ਸਮਾਂ ਟਾਲਦੀ ਰਹੀ, ਪਰ 1966 ਵਿਚ ਉਸ ਨੂੰ ਸਿੱਖਾਂ ਦੇ ਵੱਡੇ ਭਾਗ ਦੀ ਇਹ ਮੰਗ ਮੰਨਣੀ ਪਈ।

ਪਰ ਸੱਚੀ ਗੱਲ ਤਾਂ ਇਹ ਹੈ ਕਿ ਸਿੱਖਾਂ ਦੀ ਨਿਰੋਲ ਪੰਜਾਬੀ ਰਾਜ ਦੀ ਸਥਾਪਨਾ ਕਰਵਾ ਕੇ ਵੀ ਸੰਤੁਸ਼ਟੀ ਨਾ ਹੋਈ। ਪੰਜਾਬ ਦੀ ਵਸੋਂ ਦਾ ਇਕ ਭਾਗ ਸਦਾ ਇਸ ਰਾਜ ਦੇ ਖੰਭ ਕੱਟਣ ਲਈ ਤਤਪਰ ਰਿਹਾ, ਜਿਸ ਕਾਰਨ ਸਥਿਤੀ ਦਿਨੋਂ ਦਿਨ ਵਿਗੜਦੀ ਰਹੀ। ਫਲਸਰੂਪ 1973 ਵਿਚ ਆਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਗਿਆ ਜਿਸ ਦਾ ਮਨੋਰਥ ਭਾਵੇਂ ਸੰਘ ਤੋਂ ਬਾਹਰ ਕੋਈ ਸੁਤੰਤਰ ਪੰਜਾਬ ਬਨਵਾਣਾ ਨਹੀਂ ਸੀ ਪਰ ਪੰਜਾਬੀ ਰਾਜ ਵਿਚ ਸਿੱਖਾਂ ਦੀ ਹਸਤੀ ਨੂੰ ਇਕ ਵਿਸ਼ੇਸ਼ ਦਰਜਾ ਦਿਵਾਣਾ ਜ਼ਰੂਰੀ ਸੀ। ਇਸੇ ਕਾਰਨ ਇਸ ਮਤੇ ਨੂੰ ਇਕ ਵੱਖਰਾ ਸੁਤੰਤਰ ਪੰਜਾਬ ਰਾਜ ਸਥਾਪਤ ਕਰਵਾਣ ਦਾ ਵੱਖਵਾਦੀ ਮਤਾ ਕਿਹਾ ਗਿਆ।

ਸ੍ਰੀਮਤੀ ਗਾਂਧੀ ਦੀਆਂ ਗਲਤ ਨੀਤੀਆਂ ਕਾਰਨ ਤੇ 1977 ਤੋਂ 1980 ਦੇ ਤਿੰਨ ਸਾਲਾਂ ਲਈ ਜਨਤਾ ਸਰਕਾਰ ਦੇ ਵੀ ਸ੍ਰੀਮਤੀ ਗਾਂਧੀ ਦੀਆਂ ਪਾਈਆਂ ਲੀਹਾਂ ਉਤੇ ਚੱਲਣ ਕਾਰਨ, ਇਸ ਸਮੱਸਿਆ ਦਾ ਕੋਈ ਸਮਾਧਾਨ ਨਾ ਹੋ ਸਕਿਆ। ਫਿਰ 1980 ਵਿਚ ਸ੍ਰੀਮਤੀ ਗਾਂਧੀ ਦੀ ਪੁਨਰ-ਸਥਾਪਨਾ ਨਾਲ ਇਹ ਸਮੱਸਿਆ ਜ਼ੋਰ ਫੜ ਗਈ, ਜਿਸ ਦਾ ਸਿਖਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਵਿਚ ਸਿੱਖਾਂ ਦੇ ਇਕ ਭਾਗ ਵਿਚ ਸ੍ਰੀਮਤੀ ਗਾਂਧੀ ਦੀ ਸਰਕਾਰ ਵਿਰੁੱਧ ਇਕ ਤਰ੍ਹਾਂ ਦਾ ਵਿਦਰੋਹ ਪੈਦਾ ਹੋ ਗਿਆ। ਸ੍ਰੀਮਤੀ ਗਾਂਧੀ ਨੇ ਇਸ ਵਿਦਰੋਹ ਨੂੰ ਪਹਿਲਾਂ ਕੁਟਿਲ ਨੀਤੀ ਤੇ ਫਿਰ ਸੈਨਿਕ ਬਲ ਵਰਤ ਕੇ ਦਬਾਣ ਦੇ ਯਤਨ ਕੀਤੇ ਤੇ "ਨੀਲਾ ਤਾਰਾ ਮੁਹਿਮ" ਨੇ ਜੋ ਕਾਂਗਰਸ ਦੀ ਕੋਈ ਸਾਖ ਸਿੱਖਾਂ ਵਿਚ ਸੀ, ਉਹ ਵੀ ਖਤਮ ਕਰ ਦਿੱਤੀ। ਆਪਣੀ ਸਥਾਪਨਾ ਦੇ ਮੁੱਢ ਵਿਚ, ਸ੍ਰੀਮਤੀ ਗਾਂਧੀ ਦੀ ਹੱਤਿਆ ਦੀ ਪ੍ਰਤਿਕ੍ਰਿਆ ਵਿਚ ਦਿੱਲੀ ਤੇ ਕੁਝ ਹੋਰ ਥਾਵਾਂ ਵਿਚ ਸਿੱਖਾਂ ਦਾ ਜੋ ਕਤਲਾਮ ਹੋਇਆ ਤੇ ਦਸੰਬਰ 1984 ਦੀਆਂ ਚੋਣਾਂ ਵਿਚ ਜਿਵੇਂ ਰਾਜੀਵ ਨੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਆਖ ਕੇ ਉਛਾਲਿਆ, ਉਸ ਨਾਲ ਭਾਵੇਂ ਰਾਜੀਵ ਗਾਂਧੀ ਨੂੰ ਸਰਬ ਭਾਰਤੀ ਸੰਦਰਭ ਵਿਚ ਅਪੂਰਵ ਸਫਲਤਾ ਮਿਲੀ ਪਰ ਸਿੱਖਾਂ ਅਤੇ ਭਾਰਤੀ ਸੰਘ ਵਿਚ ਪਾੜਾ ਹੋਰ ਵਧ ਗਿਆ।

## ਗਲਤੀ

ਸ੍ਰੀ ਰਾਜੀਵ ਗਾਂਧੀ ਨੇ ਛੇਤੀ ਹੀ ਆਪਣੀ ਗਲਤੀ ਅਨੁਭਵ ਕਰ ਲਈ ਤੇ ਅਕਾਲੀ ਦਲ ਨਾਲ ਪੰਜਾਬ ਬਾਰੇ ਸਮਝੌਤਾ ਕਰ ਲਿਆ, ਜਿਸ ਸਬੰਧੀ ਸ੍ਰੀ ਰਾਜੀਵ ਗਾਂਧੀ ਦੀ ਨੀਤੀ ਨੂੰ "ਕੁਝ ਝੁਕ ਕੇ ਜਿੱਤ ਲੈਣ" ਵਾਲੀ ਨੀਤੀ ਆਖਿਆ ਜਾ ਸਕਦਾ ਹੈ। ਇਸ ਸਮਝੌਤੇ ਦਾ ਫਲਸਰੂਪ ਪੰਜਾਬ ਵਿਚ ਜਦੋਂ 1985 ਦੀਆਂ ਚੋਣਾਂ ਕਰਵਾਈਆਂ ਗਈਆਂ ਤਾਂ ਅਕਾਲੀ ਪਾਰਟੀ ਨੂੰ ਵੀ ਇਕ ਤਰ੍ਹਾਂ ਅਪੂਰਵ ਬਹੁਮਤ ਪ੍ਰਾਪਤ ਹੋਇਆ ਤੇ ਇਥੇ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਭਾਰਤੀ ਸੰਘ ਨਾਲ ਸਦਭਾਵਨਾ ਰੱਖਣ ਵਾਲੀ ਸਰਕਾਰ ਕਾਇਮ ਹੋ ਗਈ।

ਇਹ ਵੀ ਭਾਰਤ ਦਾ ਤੇ ਪੰਜਾਬ ਦੋਹਾਂ ਦਾ ਦੁਰਭਾਗ ਹੈ ਕਿ ਭਾਰਤੀ ਸੰਘ ਦੀ ਸਰਕਾਰ ਦੀ ਸਿੱਧੀ ਜਾਂ ਅਸਿੱਧੀ ਚੁੱਕ ਨਾਲ ਹਰਿਆਣਾ ਦੇ ਕਾਂਗਰਸੀ ਮੁਖ ਮੰਤਰੀ ਨੇ ਪੰਜਾਬ ਸਮਝੌਤੇ ਦੀ ਭਾਵਨਾ ਦੇ ਵਿਰੁੱਧ ਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ, ਇਥੋਂ ਤੱਕ ਕਿ ਮੈਥਿਊ ਕਮਿਸ਼ਨ ਦੇ ਸੰਦਰਭ ਖੇਤਰ ਨੂੰ ਨਿਯਤ ਕਰਨ ਵਿਚ ਵੀ ਗੜਬੜ ਕੀਤੀ ਗਈ। ਸ੍ਰੀ ਰਾਜੀਵ ਗਾਂਧੀ ਦੀ ਮੁਦਾਖਲਿਤ ਨਾਲ ਭਾਵੇਂ ਇਹ ਗੜਬੜ ਸ਼ਾਬਦਿਕ ਰੂਪ ਵਿਚ ਠੀਕ ਕਰ ਦਿੱਤੀ ਗਈ ਪਰ ਮੈਥਿਊ ਕਮਿਸ਼ਨ ਨੇ ਇਕ ਰੁੱਸੇ ਗੁਮਸ਼ਤੇ ਵਾਂਗ ਇਕ ਅਜਿਹਾ ਨਿਰਣਾ ਕੀਤਾ ਜਿਸਨੂੰ ਸ੍ਰੀ ਰਾਜੀਵ ਗਾਂਧੀ ਲਈ ਵੀ ਅਮਲ ਵਿਚ ਲਿਆਣਾ ਔਖਾ ਹੋ ਗਿਆ। ਜੇ ਦੇਖੀਏ ਤਾਂ ਮੈਥਿਊ ਕਮਿਸ਼ਨ ਦਾ ਨਿਰਣਾ ਇਹ ਹੈ ਕਿ ਪੰਜਾਬ ਵਿਚ ਚੰਡੀਗੜ੍ਹ ਬਦਲੇ ਹਰਿਆਣੇ ਨੂੰ ਦੇਣ ਵਾਲਾ ਕੋਈ ਪਿੰਡ ਨਹੀਂ। ਜਿਹੜੇ ਪਿੰਡ ਕਮਿਸ਼ਨ ਵਲੋਂ ਕਰਵਾਈ ਗਣਨਾ ਅਨੁਸਾਰ ਹਿੰਦੀ ਭਾਸ਼ੀ ਵੀ ਸਿੱਧ ਹੋਏ ਉਨ੍ਹਾਂ ਦੀ ਹੱਦ ਕਿਧਰੇ ਵੀ ਹਰਿਆਣਾਂ ਨਾਲ ਨਹੀਂ ਮਿਲਦੀ। ਜੇ ਮੈਥਿਊ ਕਮਿਸ਼ਨ ਸੁਹਿਰਦਤਾ ਤੇ ਸਚਾਈ ਨਾਲ ਆਪਣਾ ਨਿਰਣਾ ਦਿੰਦਾ ਤਾਂ ਪਟਿਆਲੇ ਜ਼ਿਲੇ ਦੇ ਅੰਬਾਲੇ ਜ਼ਿਲੇ ਨਾਲ ਲਗਦੇ ਪਿੰਡ ਚੰਡੀਗੜ੍ਹ ਬਦਲੇ ਹਰਿਆਣਾ ਨੂੰ ਦਿਤੇ ਜਾ ਸਕਦੇ ਸਨ।

## ਧਿਆਨ

ਪਰ ਉਸ ਨੇ ਇਸ ਪਾਸੇ ਧਿਆਨ ਹੀ ਨਾ ਦਿਤਾ। ਸਗੋਂ ਇਹ ਕਹਿ ਦਿਤਾ ਕਿ ਇਹ ਪਿੰਡ ਹਰਿਆਣਾ ਸਰਕਾਰ ਲੈਣ ਨੂੰ ਤਿਆਰ ਨਹੀਂ। ਕਮਿਸ਼ਨ ਨੇ ਇਸ ਤਰ੍ਹਾਂ ਹਰਿਆਣਾ ਸਰਕਾਰ ਨੂੰ ਇਕ ਪ੍ਰਕਾਰ ਦੀ ਵੀਟੋ ਦੇ ਦਿੱਤੀ। ਠੀਕ ਗੱਲ ਤਾਂ ਇਹ ਸੀ ਕਿ ਜੇ ਕਮਿਸ਼ਨ ਨੂੰ ਪੰਜਾਬ ਸਮਝੌਤੇ ਦੀਆਂ ਮਦਾਂ ਅਨੁਸਾਰ ਅਬੋਹਰ, ਫਾਜ਼ਿਲਕਾ ਦੇ ਇਲਾਕੇ ਵਿਚੋਂ ਕੋਈ ਹਿੰਦੀ - ਭਾਸ਼ੀ ਪਿੰਡ ਹਰਿਆਣੇ ਨੂੰ ਦੇਣ ਲਈ ਨਹੀਂ ਸਨ ਲੱਭੇ, ਤਾਂ ਉਹ ਇਹ ਗੱਲ ਸਿੱਧੀ ਕਹਿ ਦਿੰਦਾ ਤੇ ਸ੍ਰੀ ਰਾਜੀਵ ਗਾਂਧੀ ਲਈ ਯੋਗ ਬਣਦਾ ਸੀ ਕਿ ਉਹ ਚੰਡੀਗੜ੍ਹ ਪੰਜਾਬ ਨੂੰ ਦੇ ਦਿੰਦਾ। ਸਮਝੌਤੇ ਦਾ ਭਾਵ ਇਹ ਬਿਲਕੁਲ ਨਹੀਂ ਸੀ ਕਿ ਜੇ ਪੰਜਾਬ ਵਿਚੋਂ ਕੁਝ ਹਿੰਦੀ-ਭਾਸ਼ੀ ਪਿੰਡ ਪੰਜਾਬ ਤੋਂ ਲੈ ਕੇ ਹਰਿਆਣੇ ਨੂੰ ਦੇਣ ਨੂੰ ਨਹੀਂ ਲੱਭਦੇ ਤਾਂ ਪੰਜਾਬ ਨੂੰ ਚੰਡੀਗੜ੍ਹ ਤੋਂ ਵਾਂਝਾ ਰੱਖਿਆ ਜਾਵੇ।

ਸ੍ਰੀ ਰਾਜੀਵ ਗਾਂਧੀ ਤੇ ਉਸ ਦੀ ਸਰਕਾਰ ਵਲੋਂ ਇਸ ਨਾਜ਼ੁਕ ਮੌਕੇ 'ਤੇ ਚੰਡੀਗੜ੍ਹ ਦੇਣ ਵਿਚ ਦੇਰ ਕਰਨੀ ਇਸ ਨਵੀਂ ਔਝੜ ਸਥਿਤੀ ਦਾ ਮੁਖ ਕਾਰਨ ਹੈ ਪੰਜਾਬ ਦੀ ਅਕਾਲੀ ਸਰਕਾਰ ਸ੍ਰੀ ਰਾਜੀਵ ਗਾਂਧੀ ਉਤੇ ਭਰੋਸਾ ਕਰਕੇ ਹੋਰ ਉਡੀਕਣ ਨੂੰ ਤਿਆਰ ਹੈ। ਪਰ ਬਹੁਤੇ ਸਿੱਖ "ਊਠ ਦੇ ਬੁੱਲ੍ਹ ਦੇ ਡਿੱਗਣ" ਦੀ ਆਸ ਉਤੇ ਜਿਉਂਣਾ ਨਹੀਂ ਚਾਹੁੰਦੇ। ਜੇ ਸ੍ਰੀ ਰਾਜੀਵ ਗਾਂਧੀ ਨੀਤੀ ਤੋਂ ਕੰਮ ਲੈਂਦੇ ਤਾਂ ਅਕਾਲੀ ਦਲ ਨਾਲ ਫੈਸਲਾ ਕਰਕੇ ਉਨ੍ਹਾਂ ਦੇ ਦੇਣੇ ਮੰਨੇ ਤੇਰਾਂ ਪਿੰਡਾਂ ਵਿਚ ਕੁਝ ਹੋਰ ਪਿੰਡ ਵੀ ਮਿਲਵਾ ਸਕਦੇ ਸਨ ਤੇ ਇਸ ਤਰ੍ਹਾਂ ਚੰਡੀਗੜ੍ਹ ਬਾਰੇ ਰੇੜਕਾ ਮੁੱਕ ਜਾਣਾ ਸੀ।

ਹੁਣ ਜਿਹੜੇ ਲੋਕ "ਊਠ ਦੇ ਬੁੱਲ੍ਹ ਡਿੱਗਣ" ਤਕ ਇੰਤਜ਼ਾਰ ਕਰਨ ਨੂੰ ਤਿਆਰ ਨਹੀਂ ਉਹ ਸ੍ਰੀ ਦਰਬਾਰ ਸਾਹਿਬ ਵਿਚ ਮੋਰਚਾ ਲਾਈ ਬੈਠੇ ਹਨ ਤੇ ਉਨ੍ਹਾਂ ਨੂੰ ਇਸ ਮੋਰਚੇ ਵਿਚੋਂ "ਨੀਲਾ ਤਾਰਾ" ਵਰਗੀ ਕੋਈ ਮੁਹਿਮ ਹੀ ਕੱਢ ਸਕਦੀ ਹੈ।

ਪਰ ਅਕਾਲੀ ਸਰਕਾਰ ਅਜਿਹੀ ਮੁਹਿਮ ਚੜ੍ਹਾਣ ਲਈ ਤਿਆਰ ਨਹੀਂ। ਜਿਵੇਂ ਪੰਜਾਬ ਦੀ ਕਾਂਗਰਸ ਵਿਧਾਇਕ ਦਲ ਦੀ ਆਗੂ ਸ੍ਰੀਮਤੀ ਗੁਰਬਿੰਦਰ ਕੌਰ ਦਾ ਕਹਿਣਾ ਹੈ, ਸਤਲੁਜ ਪਾਰ ਮਾਝੇ ਦੇ ਜ਼ਿਲ੍ਹਿਆਂ ਵਿਚ ਤਾਂ ਅੱਗੇ ਹੀ ਸਿੱਖਾਂ ਦਾ ਪ੍ਰਬਲ ਭਾਗ ਦਰਬਾਰ ਸਾਹਿਬ ਵਿਚ ਮੋਰਚਾ ਲਾਈ ਬੈਠੇ ਦਮਦਮੀ ਟਕਸਾਲ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਰਗਰਮ ਹਮਦਰਦੀ ਰੱਖਦਾ ਸੀ, ਹੁਣ ਮਾਲਵੇ ਦੇ ਜ਼ਿਲਿਆਂ ਵਿਚ ਵੀ ਸਿੱਖ ਜਨਤਾ ਵਿਚ ਉਨ੍ਹਾਂ ਵੱਲ ਹਮਦਰਦੀ ਵਧ ਗਈ ਹੈ

ਅਜਿਹੀ ਹਾਲਤ ਵਿਚ ਅਕਾਲੀ ਦਲ ਤੇ ਇਸ ਦੀ ਸਰਕਾਰ ਨੇ ਇਹ ਗੱਲ ਤਾਂ ਅਨੁਭਵ ਕਰ ਲਈ ਕਿ ਦਰਬਾਰ ਸਾਹਿਬ ਉਤੇ ਸੈਨਿਕ ਜਾਂ ਕੋਈ ਹੋਰ ਤਰ੍ਹਾਂ ਦੀ ਮੁਹਿਮ ਚੜ੍ਹਾਣੀ ਇਕ ਦੁਖਾਂਤ ਉਪਜਾਣ ਵਾਲੀ ਗੱਲ ਹੋਵੇਗੀ, ਪਰ ਉਨ੍ਹਾਂ ਨੇ ਸਰਬੱਤ ਖਾਲਸਾ ਦੇ ਸਥਾਨ ਨੂੰ ਬਦਲ ਕੇ ਆਨੰਦਪੁਰ ਸਾਹਿਬ ਵਿਚ ਲੈ ਜਾਣ ਵਿਚ ਵੀ ਸਿਆਣਪ ਨਹੀਂ ਦਿਖਾਈ। ਪਹਿਲੀ ਗੱਲ ਤਾਂ ਇਹ ਕਿ ਜਿਸ ਤਰ੍ਹਾਂ ਉਪਰ ਕਿਹਾ ਗਿਆ ਹੈ, ਸਰਬੱਤ ਖਾਲਸਾ ਸਿੱਖ ਪੰਥ ਵਿਚ ਅੰਦਰਲੇ ਝਗੜੇ ਨਿਪਟਾਣ ਲਈ ਪਹਿਲਾਂ ਕਦੇ ਨਹੀਂ ਸੱਦਿਆ ਗਿਆ। ਅਜਿਹੀ ਕੋਈ ਪ੍ਰਥਾ ਨਹੀਂ ਸਰਬੱਤ ਖਾਲਸਾ ਤਾਂ ਕੇਵਲ ਸਿੱਖ ਪੰਥ ਦੀ ਵਿਰੋਧੀ ਕਿਸੇ ਸ਼ਕਤੀ ਵਿਰੁੱਧ ਅਜ ਦੀ ਸਥਿਤੀ ਵਿਚ ਦਿੱਲੀ ਦੀ ਕਾਂਗਰਸ ਸਰਕਾਰ ਵਿਰੁੱਧ ਹੀ ਸੱਦਿਆ ਜਾ ਸਕਦਾ ਹੈ। ਇਸ ਪੱਖ ਤੋਂ ਜੇ ਕੋਈ ਸਰਬੱਤ ਖਾਲਸਾ ਦਾ ਇਕੱਠ ਪ੍ਰਥਾ ਅਨੁਸਾਰ ਕਿਹਾ ਜਾ ਸਕਦਾ ਹੈ ਤਾਂ ਉਹ 26 ਜਨਵਰੀ ਨੂੰ ਉਪਰੋਕਤ ਵਿਦਰੋਹੀਆਂ ਵਲੋਂ ਅਕਾਲ ਤਖਤ ਵਿਚ ਸੱਦਿਆ ਸਮਾਗਮ ਹੈ।

## ਇਕੋ ਇਕ ਰਾਹ

ਮੇਰੇ ਜਿਹੇ ਇਕ ਨਿਰਬਲ, ਵਿਅਕਤੀ ਕਹਿ ਲਵੋ ਜਾਂ ਬੁੱਧੀਜੀਵੀ ਕਹਿ ਲਵੋ, ਲਈ ਤਾਂ ਇਸ ਗੁੰਝਲ ਵਿਚੋਂ ਇਕੋ ਹੀ ਰਾਹ ਹੈ ਕਿ ਦਰਬਾਰ ਸਾਹਿਬ ਵਿਚ ਮੋਰਚਾ ਲਾਈ ਬੈਠੇ ਯੁਵਕਾਂ ਨੂੰ ਸੰਤੁਸ਼ਟ ਕਰਨ ਲਈ ਕੋਈ ਰਾਹ ਲੱਭਿਆ ਜਾਵੇ। ਇਸ ਦਿਸ਼ਾ ਵਿਚ, ਮੇਰੀ ਸਮਝ ਵਿਚ, ਇਹ ਜ਼ਰੂਰੀ ਹੈ ਕਿ ਦਰਬਾਰ ਸਾਹਿਬ ਵਿਚ ਮੋਰਚਾ ਲਾਈ ਬੈਠੇ ਯੁਵਕਾਂ ਨਾਲ ਰਾਜਸੀ ਪੱਖ ਉਤੇ ਟੱਕਰ ਨਾ ਲਈ ਜਾਵੇ। ਕੁਝ ਸਮੇਂ ਲਈ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਬੈਠਿਆਂ ਨੂੰ ਬਾਹਰ ਸੈਨਿਕ ਤੇ ਪੁਲੀਸ ਪਹਿਰੇ ਲਗਾ ਕੇ ਅੰਦਰ ਹੀ ਰੱਖਿਆ ਜਾਵੇ ਤੇ ਇਸੇ ਦੌਰਾਨ ਉਨ੍ਹਾਂ ਨੂੰ ਸਮਝਾਣ ਬੁਝਾਣ ਦੇ ਯਤਨ ਕੀਤੇ ਜਾਣ। ਮੇਰੀ ਸਮਝ ਅਨੁਸਾਰ ਪੰਜਾਬ ਸਮੱਸਿਆ ਭਾਰਤੀ ਸੰਘ ਦੇ ਪ੍ਰਚਲਿਤ ਸੰਦਰਭ ਵਿਚ ਹੱਲ ਨਹੀਂ ਹੋ ਸਕਦੀ। ਪੰਜਾਬ ਨੂੰ ਵਧੇਰੇ ਕਠਿਨ ਤੇ ਔਝੜੀ ਸਥਿਤੀ ਵਿਚ ਪੈਣੋਂ ਰੋਕਣ ਲਈ ਇਸ ਨੂੰ ਖੁੱਲ੍ਹੇ ਦਿਲ ਨਾਲ ਭਾਰਤੀ ਸੰਘ ਵਿਚ ਵਿਸ਼ੇਸ਼ ਸਥਾਨ ਦੇਣਾ ਜ਼ਰੂਰੀ ਹੈ।

# ਡਾ: ਪਾਂਡੀਆ ਪਾਇਨੀਅਰ ਐਵਾਰਡ ਲਈ ਚੁਣੇ ਗਏ



March 14, 1986

Durai P. Pandia
2204 - 1600M Beach Ave.
Vancouver, B.C. V6G 1Y7

Dear Dr. Pandia:

It gives me great pleasure to inform you that you have been selected as one of 100 dedicated senior who will receive the Distinguished Pioneer Award. This Award was created in order to recognize the contribution of seniors like yourself who have given generoulsy of their time, energy and vision for the betterment of the City of vancouver. The year of our City's Centenary is an historically significant time to recognize individuals like yourself, whose contribution often goes unheralded.

Perhaps you were not aware that you had been nominated by an associate, friend or admirer for this Award. But clearly your efforts have made a difference to the quality of life in Vancouver, and for this reason we desire to honour you.

An award ceremony will be held on Saturday, Apirl 5th at 2.30 p.m. in the Pacific Ballroom at the Hotel Vancouver. You will be presented with your award by Governor General Jeanne Sauve who will be joining us for the celebrations planned for Vancouver's 100th Birthday on April 6th.

You will be receiving further details on the Award Ceremony very soon from the Vancouver Centennial Commission offices. Please accept my warmest congratulations, as well as my thanks for your dedication to the City of Vancouver.

Sincerely,
Signd:——
Mayor Michael Harcourt
Co-Chairman
Vancouver Centennial Commission


DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਹਮ ਹਿੰਦੂ ਨਹੀਂ ਕੀ ਹਮ ਸਿਖ ਹੈਂ ?

**ਮੇਹਰ ਸਿੰਘ ਸੰਧੂ, ਵੈਨਕੂਵਰ**

ਇਹ ਕੋਈ ਗੁੱਝੀ ਛਿਪੀ ਗੱਲ ਨਹੀਂ ਸੀ ਕਿ ਅੰਗਰੇਜ਼ਾਂ ਦਾ ਰਾਜ ਲੋਕਾਂ ਵਿਚ ਫੁਟ ਉਤੇ ਆਧਾਰਤ ਸੀ। ਹਿਂਦ ਵਿਚ ਮਜ਼ਹਬੀ ਖਿਚੋਤਾਣ ਸਦੀਆਂ ਤੋਂ ਚਲ ਰਹੀ ਸੀ। ਅੰਗਰੇਜ਼ ਇਸ ਨੂੰ ਹੋਰ ਪੱਕਿਆਂ ਕਰਨ ਤੇ ਹਿਂਦੂਆਂ, ਮੁਸਲਮਾਨਾਂ, ਸਿਖਾਂ ਆਦਿ ਨੂੰ ਇਕ ਦੂਜੇ ਤੋਂ ਦੂਰ ਰੱਖਣ ਦੇ ਯਤਨ ਵਿਚ ਰਹੇ। ਕਿਉਂਕਿ ਅੰਤ੍ਰੀਵ ਧਰਮ ਏਕਤਾ ਅਤੇ ਪ੍ਰਸਪਰ ਪ੍ਰੇਮ ਪਿਆਰ ਸਿਖਾਂਦਾ ਹੈ, ਇਸ ਲਈ ਅੰਗਰੇਜ਼ ਨੇ ਲੋਕਾਂ ਨੂੰ ਸ਼ਰਈ, ਕੱਟੜਪੰਥੀ ਤੇ ਤਅਸਬੀ ਬਣਾਨਾ ਚਾਹਿਆ। ਇਸ ਲਈ ਉਨ੍ਹਾਂ ਕਈ ਸਾਧਨ ਅਪਣਾਏ ਅਤੇ ਬਹੁਤ ਹਦ ਤੱਕ ਕਾਮਯਾਬ ਵੀ ਹੋਏ। ਦੇਸ ਵਿਚ ਹਿਂਦੂ ਮੁਸਲਮਾਨਾਂ ਦੇ ਫਸਾਦ ਤੇ ਮਜ਼ਹਬ ਦੇ ਨਾਮ ਥੱਲੇ ਹੋਰ ਕਈ ਤਰ੍ਹਾਂ ਦੀ ਖਿਚੋਤਾਣ ਇਸੇ ਦਾ ਨਤੀਜਾ ਸੀ।

ਅੰਗਰੇਜ਼ੀ ਹੁਕਮਰਾਨਾਂ ਦੀ ਸਿਆਸੀ ਲੋਕ 'ਪਾੜੋ ਤੇ ਰਾਜ ਕਰੋ' ਹੀ ਸੀ। ਅੰਗਰੇਜ਼ ਨੂੰ ਭਾਰਤ ਦੀ ਕਿਸੇ ਕੌਮ ਨਾਲ ਕੋਈ ਲਗਾਓ ਨਹੀਂ ਸੀ। ਉਹ ਤਾਂ ਹਿੰਦੋਸਤਾਨ ਉਤੇ ਆਪਣਾ ਰਾਜ ਕਾਇਮ ਰਖਣਾ ਚਾਹੁੰਦਾ ਸੀ। ਜੋ ਕੋਈ ਉਸ ਨੂੰ ਭਾਰਤ ਵਿਚੋਂ ਕੱਢ ਦੇਣਾ ਚਾਹੇ ਉਹ ਉਸ ਦਾ ਦੁਸ਼ਮਣ ਸੀ। ਇਸ ਸਵਾਰਥ ਤੋਂ ਬਿਨਾਂ ਹੋਰ ਕੁਝ ਸੋਚਣਾ ਕਿ ਉਸ ਨੂੰ ਸਿਖ ਧਰਮ ਦੂਜੇ ਧਰਮਾਂ ਨਾਲੋਂ ਚੰਗਾ ਲਗਦਾ ਸੀ ਇਹ ਆਪਣੇ ਆਪ ਨੂੰ ਧੋਖਾ ਦੇਣ ਤੋਂ ਬਿਨਾਂ ਹੋਰ ਕੁਝ ਨਹੀਂ।

1872 ਈ: ਵਿਚ ਗੁਰੂ ਰਾਮ ਸਿੰਘ ਦੇ ਦੇਸ਼ ਨਿਕਾਲੇ ਤੋਂ ਬਾਅਦ ਨਾਮਧਾਰੀਆਂ ਉਤੇ ਜ਼ੁਲਮੀ ਚੱਕਰ ਚਲਾਇਆ ਗਿਆ, ਉਹਨਾਂ ਦੀਆਂ ਸਭ ਸਰਗਰਮੀਆਂ ਨੂੰ ਕੁਚਲਿਆ ਗਿਆ। ਇਸ ਦੇ ਬਾਵਜੂਦ ਜਿਹੜਾ ਸੰਘਰਸ਼ ਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤਾ ਸੀ ਉਸ ਨੂੰ ਵੱਖ ਵੱਖ ਖੇਤਰਾਂ ਵਿਚ ਵੱਖ ਵੱਖ ਢੰਗਾਂ ਨਾਲ ਚਲਾਉਣ ਦੇ ਯਤਨ ਹੁੰਦੇ ਰਹੇ।

1873 ਈ: ਦੇ ਆਰੰਭ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ — ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੇ ਈਸਾਈ ਬਣਨ ਦਾ ਐਲਾਨ ਕਰ ਿਦਤਾ। ਇਹਨਾ ਘਟਨਾ ਤੋਂ ਚਿੰਤਾਤੁਰ ਹੋ ਕੇ ਸਿੰਘਾਂ ਦੇ ਕੁਝ ਸਿਰਕੱਢ ਆਗੂਆਂ ਨੇ ਅੰਮ੍ਰਿਤਸਰ ਮਜੀਠੀਆ ਦੇ ਬੁੰਗੇ ਵਿਚ ਇਕੱਠੇ ਹੋ ਕੇ ਇਕ ਨਵੀਂ ਜਥੇਬੰਦੀ ਬਣਾਉਣ ਦਾ ਫੈਸਲਾ ਕੀਤਾ। ਇਹਨਾਂ ਵਿਚੋਂ ਬਾਬਾ ਖੇਮ ਸਿੰਘ ਬੇਦੀ, ਕਪੂਰਥਲੇ ਦੇ ਕੰਵਰ ਬਿਕਰਮ ਸਿੰਘ, ਗਿਆਨੀ ਹਜ਼ਾਰਾ ਸਿੰਘ, ਸ: ਠਾਕੁਰ ਸਿੰਘ ਸੰਧਾਂਵਾਲੀਆ, ਗਿਆਨੀ ਗਿਆਨ ਸਿੰਘ ਅੰਮ੍ਰਿਤਸਰੀ ਅਤੇ ਗਿਆਨੀ ਸਰਦੂਲ ਸਿੰਘ ਪਰਮੁਖ ਸੱਜਣ ਸਨ।

ਇਸ ਜਥੇਬੰਦੀ ਦਾ ਨਾਮ 'ਸਿੰਘ ਸਭਾ ਅੰਮ੍ਰਿਤਸਰ' ਰਖਿਆ। ਸਰਦਾਰ ਠਾਕੁਰ ਸਿੰਘ ਸੰਧਾਂਵਾਲੀਏ ਹੀ ਇਸ ਅੰਮ੍ਰਿਤਸਰ ਵਿਚ ਬਣੀ ਸਿੰਘ ਸਭਾ ਦੇ ਪ੍ਰਧਾਨ (ਜਥੇਦਾਰ) ਬਣਾਏ ਗਏ। ਆਪ ਸੱਚੇ ਦਿਲੋਂ ਦੇਸ਼ ਭਗਤ ਸਨ, ਜਿਸ ਬਾਰੇ ਸ: ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪੰਜਾਬ ਦੀਆਂ ਲਹਿਰਾਂ' ਪੰਨਾ 165 ਤੇ ਲਿਖਿਆ ਹੈ ਸਰਦਾਰ ਠਾਕਰ ਸਿੰਘ ਸੰਧਾਂਵਾਲੀਏ ਦਾ ਸੁਭਾਉ ..... ਕੁਝ ਅਡਰੀ ਹੀ ਕਿਸਮ ਦਾ ਸੀ। ਉਹ ਕਈ ਵੇਰ ਉਹੋ ਪੁਰਾਣਾ ਸਿੱਖੀ ਜੋਸ਼ ਜਾਗਣ ਤੇ ਇਤਨੇ ਗਰਮ ਖਿਆਲੀਏ ਹੋ ਉਠਦੇ ਸਨ ਕਿ ਅੰਗਰੇਜ਼ੀ ਹਕੂਮਤ ਦਾ ਤਖਤਾ ਉਲਟਾਉਣ ਦੇ ਸੁਫਨੇ ਲੈਣ ਲਗ ਪੈਂਦੇ ਸਨ।' ਇਸ ਕਾਇਮ ਹੋਈ 'ਸਿੰਘ ਸਭਾ ਅੰਮ੍ਰਿਤਸਰ' ਨੇ ਆਮ ਸਿੱਖਾਂ ਦਾ ਧਿਆਨ ਆਪਣੇ ਵੱਲ ਖਿਚਿਆ ਕਿਉਂਕਿ ਉਸ ਵੇਲੇ ਸਿੱਖਾਂ ਵਿਚ ਕਿਸੇ ਐਸੇ ਸੰਗਠਨ ਦੀ ਲੋੜ ਸੀ ਜੋ ਨਾਮਧਾਰੀਆਂ ਦੀ ਲਿਆਂਦੀ ਗਈ ਜਾਗਰਿਤ ਨੂੰ ਸੁਰਜੀਤ ਰਖ ਸਕੇ ਭਾਵੇਂ ਉਸ ਦਾ ਰੂਪ ਥੋੜ੍ਹਾ ਬਦਲਵਾਂ ਹੋਵੇ। ਜਦ ਸਰਕਾਰ ਨੇ ਆਮ ਸਿੱਖਾਂ ਨੂੰ ਇਸ ਸੰਗਠਨ ਵੱਲ ਝੁਕਦਿਆਂ ਵੇਖਿਆ ਤਾਂ ਸਰਕਾਰ ਨੇ ਵੀ ਇਸ ਵੱਲ ਉਚੇਚਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ।

ਅੰਗਰੇਜ਼ ਜਾਣਦੇ ਸਨ ਕਿ ਸਾਮਰਾਜ ਵਿਰੋਧੀ ਜਥੇਬੰਦੀਆਂ ਨਾਲ ਕਿਵੇਂ ਨਿਬੜਨਾ ਹੈ। ਉਹਨਾਂ ਦੀ ਪਹਿਲੀ ਕੋਸ਼ਿਸ਼ ਹਮੇਸ਼ਾਂ ਤੋਂ ਹੀ ਇਹ ਰਹਿੰਦੀ ਆਈ ਸੀ 'ਪਾੜੋ ਤੇ ਰਾਜ ਕਰੋ' ਇਸ ਕੰਮ ਲਈ ਉਹਨਾਂ ਨੂੰ ਭਾਈ ਗੁਰਮੁਖ ਸਿੰਘ ਮਿਲ ਗਿਆ ਜੋ ਕਿ ਕੰਵਰ ਬਿਕਰਮ ਸਿੰਘ ਜੀ ਦੇ ਖਾਨਸਾਮੇ ਦਾ ਹੋਣਹਾਰ ਪੁੱਤਰ ਸੀ।

ਛੇ ਸਾਲ ਦੀ ਲੰਮੀ ਜਦੋ ਜਹਿਦ ਵਿਚ ਭਾਈ ਗੁਰਮੁਖ ਸਿੰਘ ਜੀ ਸਮਝ ਗਏ ਸਨ ਕਿ "ਅੰਮ੍ਰਿਤਸਰ ਸਿੰਘ ਸਭਾ' ਦੇ ਸਮਾਗਮਾਂ ਵਿਚ ਉਹ ਅੰਗਰੇਜ਼ ਦੀ ਮਰਜ਼ੀ ਵਾਲਾ ਪਰੋਗਰਾਮ ਚਾਲੂ ਕਰਾਉਣ ਵਿਚ ਸਫਲ ਨਹੀਂ ਸਨ ਹੋ ਰਹੇ, ਪਰ ਸਰਕਾਰ ਦੀ ਸਹਾਇਤਾ ਨਾਲ ਸਫਲ ਹੋ ਸਕਣ ਲਈ ਆਸ਼ਾਵਾਦੀ ਜ਼ਰੂਰ ਸਨ।

ਸੋ ਸੰਨ 1879 ਵਿਚ ਉਨ੍ਹਾਂ ਨੇ ਲਾਹੌਰ ਵਿਚ ਕੁਝ ਚੋਣਵੇਂ ਸਿੱਖਾਂ ਦੀ ਇਕ ਇਕੱਤਰਤਾ ਗੁਰਦੁਆਰਾ ਜਨਮ ਅਸਥਾਨ ਦੇ ਮੁਕਾਮ ਤੇ ਬੁਲਾਈ ਤੇ ਸਰਬ ਸੰਮਤੀ ਨਾਲ ਗੁਰਮਤਾ ਕਰਕੇ 'ਸਿੰਘ ਸਭਾ ਲਾਹੌਰ' ਦਾ ਮੁੱਢ ਬੰਨ੍ਹਿਆ। ਹੁਣ ਉਨ੍ਹਾਂ ਨੂੰ ਅੰਗਰੇਜ਼ ਦੀ ਛਤਰ ਛਾਇਆ ਹੇਠ ਆਪਣੇ ਪ੍ਰੋਗਰਾਮ ਨੂੰ ਦੂਰ ਦੁਰਾਂਤਰ ਤਕ ਫੈਲਾ ਸਕਣਾ ਸਹਿਲ ਹੋ ਗਿਆ।

'ਸਿੰਘ ਸਭਾ ਲਾਹੌਰ' ਦੇ ਬਣਨ ਨਾਲ ਇਸ ਦੀ ਟੱਕਰ 'ਸਿੰਘ ਸਭਾ ਅੰਮ੍ਰਿਤਸਰ' ਦੇ ਸੰਚਾਲਕਾਂ ਨਾਲ ਸ਼ੁਰੂ ਹੋ ਗਈ। ਸਰਕਾਰ ਅੰਗਰੇਜ਼ੀ ਲਾਹੌਰ ਵਾਲੀ ਸਿੰਘ ਸਭਾ ਦੀ ਹਮਾਇਤ ਵਿਚ ਸਰਗਰਮ ਸੀ ਤੇ 'ਸਿੰਘ ਸਭਾ ਲਾਹੌਰ' ਸਰਕਾਰ ਦੀ ਫਰਮਾਂ ਬਰਦਾਰੀ ਵਿਚ।

ਸਰਕਾਰ ਅੰਗਰੇਜ਼ੀ ਦੀ ਹਰ ਪ੍ਰਕਾਰ ਦੀ ਮੱਦਦ ਨਾਲ 'ਸਿੰਘ ਸਭਾ ਲਾਹੌਰ' ਦਿਨੋਂ ਦਿਨ ਫੈਲਣ ਲਗ ਪਈ। ਇਸ ਤਰ੍ਹਾਂ 'ਸਿੰਘ ਸਭਾ ਲਾਹੌਰ' ਵਾਲਾ ਧੜਾ ਭਾਰਾ ਹੋਣ ਲਗ ਪਿਆ ਤੇ 'ਸਿੰਘ ਸਭਾ ਅੰਮ੍ਰਿਤਸਰ' ਵਾਲਾ ਧੜਾ ਅੰਗਰੇਜ਼ ਸਰਕਾਰ ਦੀ ਨਿਗਾਹ ਵਿਚ ਕੁਕਰਾ ਬਣ ਕੇ ਰੜਕਣ ਲਗ ਪਿਆ ਸੀ।

ਭਾਈ ਗੁਰਮੁਖ ਸਿੰਘ ਜੀ ਦੀ ਸਰਦਾਰੀ ਤੇ ਅੰਗਰੇਜ਼ ਬਹਾਦਰ ਦੀ ਸਰਪ੍ਰਸਤੀ ਹੇਠ ਚਲ ਰਹੀ 'ਸਿੰਘ ਸਭਾ ਲਾਹੌਰ' ਦੀ ਲਹਿਰ ਜਿਉਂ ਵਧਦੀ ਗਈ ਤਿਉਂ ਸਿੱਖਾਂ ਵਿਚ ਫੁਟ ਤੇ ਝਗੜੇ ਫੈਲਦੇ ਗਏ ਅਤੇ ਉਨ੍ਹਾਂ ਸਦੀਵੀ ਝਗੜਿਆਂ ਦੀ ਬੁਨਿਆਦ ਬੱਝਦੀ ਗਈ ਜਿਸ ਫੁਟ ਤੇ ਝਗੜਿਆਂ ਦਾ ਸ਼ਿਕਾਰ ਅਜ ਤਾਈਂ ਅਕਾਲੀ ਪੰਥ ਬਣਿਆ ਹੋਇਆ ਹੈ।

ਇਸੇ 'ਸਿੰਘ ਸਭਾ ਲਾਹੌਰ' ਨੇ ਮਹਾਰਾਜਾ ਦਲੀਪ ਸਿੰਘ ਦੇ ਭਾਰਤ ਆਉਣ ਦੀ ਖ਼ਬਰ ਸੁਣ ਕੇ 'ਲਾਰਡ ਡਫਰਨ ਵਾਇਸਰਾਏ ਹਿੰਦ' ਨੂੰ ਲਿਖ ਭੇਜਿਆ ਕਿ —

"ਜੇ ਮਹਾਰਾਜਾ ਇਥੇ ਆ ਗਿਆ ਤਾਂ ਪੰਜਾਬ ਸਰਕਾਰ ਜ਼ਰੂਰ ਵਿਗੜ ਜਾਊ। ਸਿੰਘ ਵਿਗੜੇ ਵਸ ਵਿਚ ਨਾ ਆਉਣਗੇ।" ਤੇ ਇਹ ਬਹਾਨਾ ਬਣਾ ਵਾਇਸਰਾਏ ਦੇ ਹੁਕਮ ਨਾਲ ਮਹਾਰਾਜਾ ਨੂੰ ਅਦਨ ਮੁਲਕ ਵਿਚ ਅਟਕਾ ਦਿਤਾ ਤੇ ਮਹਾਰਾਜੇ ਦਲੀਪ ਸਿੰਘ ਨੂੰ ਜਬਰਨ ਵਲਾਇਤ ਜਾਣਾ ਪਿਆ।

(ਸਿੰਘ ਸਭਾ ਲਹਿਰ, ਡਾ: ਜਗਜੀਤ ਸਿੰਘ — ਪੰਨਾ 161)

ਅੰਗਰੇਜ਼ ਦੀ ਮਦਦ ਨਾਲ 'ਸਿੰਘ ਸਭਾ ਲਾਹੌਰ' ਦਾ ਹਰ ਪਾਸੇ ਬੋਲਬਾਲਾ ਹੋਇਆ ਤੇ 'ਸਿੰਘ ਸਭਾ ਅੰਮ੍ਰਿਤਸਰ' ਦੇ ਮੁਖੀਆਂ ਵਿਚੋਂ ਸ: ਠਾਕੁਰ ਸਿੰਘ ਸੰਧਾਂਵਾਲੀਏ ਮਹਾਰਾਜਾ ਦਲੀਪ ਸਿੰਘ ਕੋਲ ਵਲਾਇਤ ਪੁਜ ਗਏ ਸੀ ਤੇ ਉਥੋਂ ਵਾਪਸ ਆ ਕੇ ਉਹ ਅੰਗਰੇਜ਼ੀ ਇਲਾਕੇ ਵਿਚ ਨਹੀਂ ਆਏ ਕਿਉਂਕਿ ਉਹ ਜਾਣਦੇ ਸੀ ਕਿ ਅੰਗਰੇਜ਼ ਨੇ ਸਾਮਰਾਜ ਵਿਰੋਧੀ ਕੂਕਿਆਂ ਨਾਲ ਕੀ ਵਰਤਾਉ ਕੀਤਾ ਹੈ, ਸੋ ਉਨ੍ਹਾਂ ਨੇ ਫਰਾਂਸੀਸੀ ਪਾਂਡੀਚਰੀ ਵਿਚ ਰਹਿਣਾ ਸ਼ੁਰੂ ਕਰ ਦਿਤਾ ਤੇ ਉਥੇ ਹੀ ਉਨ੍ਹਾਂ ਦਾ ਦੇਹਾਂਤ ਹੋ ਗਿਆ। ਬਾਬਾ ਖੇਮ ਸਿੰਘ ਬੇਦੀ ਨੂੰ ਚੋਖੀ ਜਾਗੀਰ ਤੇ 'ਸਰ' ਦਾ ਖਿਤਾਬ ਦੇ ਕੇ ਸਰਕਾਰ ਨੇ ਆਪਣੇ ਅਨੁਸਾਰੀ ਬਣਾ ਲਿਆ ਤੇ ਇਸ ਤਰ੍ਹਾਂ ਉਹ "ਦੇਸ਼ ਭਗਤ ਸਿੰਘ ਸਭਾ ਅੰਮ੍ਰਿਤਸਰ" ਹੋਂਦ ਤੋਂ ਅਨਹੋਂਦ ਪ੍ਰਵੇਸ਼ ਕਰ ਗਈ ਤੇ ਅੰਗਰੇਜ਼ ਦੀ ਤਸੱਲੀ ਹੋ ਗਈ।

"ਅੰਮ੍ਰਿਤਸਰ ਸਿੰਘ ਸਭਾ" ਪਰਾਚੀਨ ਧਰਮ ਵਿਸ਼ਵਾਸ਼ ਉਪਰ ਖੜੀ ਸੀ। ਇਸਦੇ ਉਲਟ "ਲਾਹੌਰ ਦੀ ਸਿੰਘ ਸਭਾ" ਇਕ ਅਜਿਹੀ ਅਲੱਗ ਜਾਤੀ ਦੇ ਰੂਪ ਵਿਚ ਨਿੱਤਰ ਕੇ ਸਾਹਮਣੇ ਆਈ ਜਿਸ ਦੀ ਕਲਪਨਾ ਅੰਗਰੇਜ਼ ਨੇ ਹੀ ਕੀਤੀ ਸੀ

ਇਹੋ ਜਿਹੇ ਹਾਲਾਤ ਨੂੰ ਪੜ੍ਹ ਕੇ ਇਹ ਸਮਝਣ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਸਭ ਕੁਝ ਅੰਗਰੇਜ਼ ਬਹਾਦਰ ਦੀ ਮਰਜ਼ੀ ਨਾਲ ਹੀ ਹੋ ਰਿਹਾ ਸੀ ਤੇ ਉਸੇ "ਸਿੰਘ ਸਭਾ ਲਾਹੌਰ" ਵਲੋਂ ਕੀਤਾ ਜਾ ਰਿਹਾ ਸੀ। ਜਿਸ ਦੇ ਕਰਤਾ ਧਰਤਾ ਗੁਰਮੁਖ ਸਿੰਘ ਸੀ।

ਹੁਣ ਭੀ ਕੋਈ ਸ਼ੱਕ ਬਾਕੀ ਹੈ ?

"ਬ੍ਰਿਟਿਸ਼ ਸਰਕਾਰ ਦੀ ਖੁਸ਼ਨੂਦੀ ਹਾਸਲ ਕਰਨ ਲਈ ਸਿਖ ਇਤਿਹਾਸ ਨੂੰ ਤੋੜਿਆ ਮਰੋੜਿਆ ਗਿਆ।"

(ਪ੍ਰੀਤਲੜੀ, ਮਾਰਚ 1945)

ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ "ਟੋਪੀ ਵਾਲੇ ਸਿੱਖ" ਦੀ ਇਕ ਇਸਤਲਾਹ ਵੀ ਘੜੀ ਗਈ ਤੇ ਅਰਦਾਸ ਵਿਚ "ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ" ਵੀ ਪੜ੍ਹਿਆ ਜਾਣ ਲੱਗ ਪਿਆ ਸੀ।

(ਇਤਿਹਾਸਕ ਲੈਕਚਰ, ਪੰਨਾ 316)

ਇਹ "ਸਿਖ ਸਭਾ ਲਾਹੌਰ ਹੀ ਹੈ ਜੋ ਬੁਨਿਆਦੀ ਝਗੜਿਆਂ ਦੀ ਜੜ੍ਹ ਅਜ ਤਾਈਂ ਚਲੀ ਆ ਰਹੀ ਹੈ। ਇਸੇ ਸਿੰਘ ਸਭਾ ਲਾਹੌਰ ਦੇ ਆਦੇਸ਼ ਨਾਲ ਤਿਆਰ ਹੋਣ ਤੇ ਇਹ ਕਿਤਾਬ — "ਹਮ ਹਿਂਦੂ ਨਹੀਂ" — ਭਾਈ ਕਾਨ੍ਹ ਸਿੰਘ ਜੀ ਨਾਭਾ ਸੰਨ 1897 ਵਿਚ ਪ੍ਰਕਾਸ਼ਿਤ ਹੋਈ !

ਇਸੇ ਤਰ੍ਹਾਂ "ਸਾਰੇ ਰਹਿਤ ਨਾਮੇ" ਵੀ ਇਸੇ ਸਿੰਘ ਸਭਾ ਦੇ ਗੁਮਨਾਮ ਵਿਦਵਾਨਾਂ ਦੇ ਰਚੇ ਹੋਏ ਹਨ ਤੇ ਹਜ਼ੂਰੀ ਸਿੰਘਾਂ ਦੇ ਨਾਮ ਜੋੜ ਦਿਤੇ ਗਏ ਹਨ।

ਸਿੱਖ ਹਿਂਦੂ ਸਮਾਜ ਦਾ ਅੰਗ ਹਨ, ਸਿੱਖ ਵੱਖ ਕੌਮ ਨਹੀਂ। ਹੇਠ ਲਿਖੇ ਇਤਿਹਾਸਕ ਤੱਥ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਕੀ ਇਹ ਸੱਚ ਹੈ ਕਿ

1. ਸਾਰੇ ਸਿੱਖ ਗੁਰੂਆਂ ਦੇ ਵਿਆਹ, ਹਿਂਦੂ ਪਰੰਪਰਾ ਅਧੀਨ ਵੇਦੀ ਨਾਲ ਹੋਏ।
2. ਗੁਰੂ ਗੱਦੀ ਤੇ ਬੈਠਦੇ ਸਮੇਂ ਸਾਰੇ ਗੁਰੂਆਂ ਨੂੰ ਹਿਂਦੂ ਪਰੰਪਰਾ ਅਨੁਸਾਰ ਤਿਲਕ ਲਗਾਇਆ ਗਿਆ ਅਤੇ ਨਾਰੀਅਲ ਭੇਟ ਕੀਤਾ ਗਿਆ।
3. ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਸੰਪੂਰਨ ਹਿਂਦੂ ਸਮਾਜ ਵਲੋਂ ਤਨ, ਮਨ, ਧੰਨ ਨਾਲ ਸਹਿਯੋਗ ਮਿਲਿਆ। 'ਹਰਿਮੰਦਰ ਜਾਂ ਸਵਰਨ ਮੰਦਰ' ਵਿਚ ਮੰਦਰ ਸ਼ਬਦ ਦੀ ਵਰਤੋਂ ਇਸ ਦੇ ਹਿਂਦੂ ਪਰੰਪਰਾ ਨਾਲ ਸਬੰਧਤ ਹੋਣ ਦਾ ਮੂੰਹ ਬੋਲਦਾ ਸਬੂਤ ਹੈ।
4. ਦਿੱਲੀ ਦਾ ਗੁਰਦੁਆਰਾ ਬੰਗਲਾ ਸਾਹਿਬ ਇਕ ਹਿਂਦੂ ਦੀ ਕੋਠੀ ਸੀ ਜੋ ਉਸ ਨੇ ਗੁਰੂ ਹਰਿ ਕ੍ਰਿਸ਼ਨ ਰਾਏ ਜੀ ਨੂੰ ਭੇਟ ਕੀਤੀ ਸੀ।
5. ਭਾਈ ਮਤੀ ਦਾਸ ਅਤੇ ਸਤੀ ਦਾਸ 'ਬ੍ਰਾਹਮਣ' ਸਨ, "ਜਿੰਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਨਾਲੋਂ ਪਹਿਲਾਂ ਬਲੀਦਾਨ ਦਿੱਤਾ।
6. ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ ਦੇ ਸਰਾਧ ਅਜ ਵੀ ਧੂੰਮਧਾਮ ਨਾਲ ਕੀਤੇ ਜਾਂਦੇ ਹਨ।
7. ਗੁਰੂ ਗੋਬਿੰਦ ਸਿੰਘ ਜੀ ਨੇ ਸੰਸਕ੍ਰਿਤ ਭਾਸ਼ਾ ਪੜ੍ਹਨ ਲਈ ਆਪਣੇ ਚੇਲਿਆਂ ਨੂੰ 'ਕਾਂਸ਼ੀ' ਭੇਜਿਆ। ਉਹ ਸਮਝਦੇ ਸਨ ਕਿ ਸੰਸਕ੍ਰਿਤ ਭਾਸ਼ਾ ਦੇ ਿਗਆਨ ਬਿਨਾਂ ਆਪਣੇ ਦੇਸ਼ ਦੇ ਧਾਰਮਿਕ ਗਰੰਥਾਂ, ਇਥੋਂ ਤੱਕ ਕਿ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਵੀ ਸਮਝਣਾ ਸੰਭਵ ਨਹੀਂ ਹੋਵੇਗਾ।
8. ਗੁਰੂ ਗੋਬਿੰਦ ਸਿੰਘ ਜੀ ਨੇ ਰਾਮ ਅਵਤਾਰ, ਕ੍ਰਿਸ਼ਨ ਅਵਤਾਰ, ਚੰਡੀ ਦੀ ਵਾਰ ਅਤੇ ਚੌਬੀਸ ਅਵਤਾਰ ਆਦਿ ਰਚਨਾਵਾਂ ਕੀਤੀਆਂ ਜਿਨ੍ਹਾਂ ਵਿਚ ਇਸ ਦੇਸ਼ ਦੇ ਅਨੇਕ ਅਵਤਾਰਾਂ ਤੇ ਮਹਾਂ ਪੁਰਸ਼ਾਂ ਦੇ ਪ੍ਰਤੀ ਸ਼ਰਧਾ ਦੇ ਭਾਵ ਪ੍ਰਗਟ ਕੀਤੇ ਗਏ।
9. ਖਾਲਸਾ ਪੰਥ ਦੀ ਸਾਜਣਾ ਉਸ ਸਮੇਂ ਹੋਈ ਜਦੋਂ ਦੇਸ਼ ਨੂੰ ਬਹਾਦਰੀ ਅਤੇ ਦਲੇਰੀ ਦੀ ਲੋੜ ਸੀ। ਤਦ 'ਹਿਂਦੂ ਸਮਾਜ' ਦੇ ਹੀ ਅਜਿਹੇ ਲੋਕ ਉਠੇ ਜਿਨ੍ਹਾਂ ਨੇ ਸਮੇਂ ਦੀ ਲੋੜ ਨੂੰ ਪੂਰਾ ਕੀਤਾ।

ਜਿਨ੍ਹਾਂ ਪੰਜਾਂ ਪਿਆਰਿਆਂ ਨੇ ਆਪਣੇ ਆਪ ਨੂੰ ਪੇਸ਼ ਕੀਤਾ ਸੀ ਉਨ੍ਹਾਂ ਦਾ ਨਾਂ, ਸਥਾਨ ਤੇ ਜ਼ਾਤ ਦਾ ਵੇਰਵਾ ਇਸ ਪ੍ਰਕਾਰ ਹੈ —

1. ਭਾਈ ਦਇਆ ਰਾਮ (ਲਾਹੌਰ) ਖਤਰੀ।
2. ਭਾਈ ਧਰਮ ਦਾਸ (ਦਿੱਲੀ) ਡੀਂਗਾ।
3. ਭਾਈ ਮੋਹਕਮ ਚੰਦ (ਦਵਾਰਕਾ ਪੁਰੀ, ਗੁਜਰਾਤ) ਨਾਈ।
4. ਭਾਈ ਸਾਹਿਬ ਚੰਦ (ਬਿਦੁਰਪੁਰੀ, ਦੱਖਣ) ਜਾਟ।
5. ਭਾਈ ਹਿੰਮਤ ਰਾਮ (ਜਗਨ ਨਾਥ ਪੁਰੀ, ਉੜੀਸਾ) ਝੀਰ।

10. ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵੇਦ, ਰਾਮ, ਕ੍ਰਿਸ਼ਨ ਅਤੇ ਅਨੇਕ ਦੇਵਤਿਆਂ ਦੀ ਮਹਿਮਾ ਦਾ ਗੁਣਗਾਨ ਹੈ। ਇਸ ਦੇ ਸਾਰੇ ਸ਼ਬਦ ਪਰਾਚੀਨ ਸ਼ਾਸਤਰੀ ਸੰਗੀਤ ਦੀਆਂ ਰਾਗ-ਰਾਗਨੀਆਂ ਵਿਚ ਬੱਧੇ ਹੋਏ ਹਨ, ਜੋ ਕਿ ਪਰੰਪਰਾ ਹੈ।

11. ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ (ਬਿਹਾਰ) ਵਿਚ ਹੋਇਆ। ਆਨੰਦਪੁਰ ਸਾਹਿਬ (ਪੰਜਾਬ) ਉਨ੍ਹਾਂ ਦੀ ਲੀਲਾ ਭੂਮੀ ਤੇ ਕਾਰਜ ਸਥਾਨ ਬਣਿਆ ਅਤੇ ਨਾਦੇੜ (ਮਹਾਂਰਾਸ਼ਟਰ) ਵਿਚ ਉਹ ਜੋਤੀ ਜੋਤ ਸਮਾਏ। ਅਰਥਾਤ ਗੁਰੂ ਗੋਬਿੰਦ ਸਿੰਘ ਜੀ ਦਾ ਸੰਬੰਧ ਵਰਤਮਾਨ ਪੰਜਾਬ ਪ੍ਰਦੇਸ ਨਾਲ ਹੀ ਨਹੀਂ ਸਗੋਂ ਬਾਕੀ ਭਾਰਤ ਨਾਲ ਵੀ ਹੈ।

12. ਰਾਮਕਲੀ ਸਦ ਮਹੱਲਾ ਚੌਥਾ ਵਿਚ ਸ੍ਰੀ ਗੁਰੂ ਰਾਮ ਦਾਸ, ਪੰਡਤ ਨੂੰ ਬੁਲਾ ਕੇ ਅੰਤਮ ਸੰਸਕਾਰ ਕਰਵਾਉਣਾ ਅਤੇ ਮੇਰੀਆਂ ਅਸਥੀਆਂ ਹਰਿਦੁਵਾਰ ਵਿਚ ਜਲ-ਪ੍ਰਵਾਹ ਕੀਤੀਆਂ ਜਾਣ। ਸਿੱਖ ਸਮਾਜ ਵਿਚ ਮ੍ਰਿਤਕ ਦਾ ਦਾਹ ਸੰਸਕਾਰ ਕਰਨ ਦੀ ਅਤੇ ਅਸਥੀਆਂ ਗੰਗਾ ਜੀ ਆਦਿ ਪਵਿਤਰ ਨਦੀਆਂ ਵਿਚ ਪ੍ਰਵਾਹ ਕਰਨ ਦੀ ਹੀ ਪਰੰਪਰਾ ਹੈ।

13. ਸਿੱਖਾਂ ਵਿਚ ਜੋ ਕਾਲ ਗਣਨਾ ਪ੍ਰਚਲਤ ਹੈ, ਉਹ, ਉਹ ਹੀ ਹੈ, ਜੋ ਬਾਕੀ ਭਾਰਤ ਵਿਚ ਹੈ। ਅਰਥਾਤ ਬਿਕਰਮੀ ਸੰਮਤ, ਚੇਤ, ਵਿਸਾਖ ਆਦਿ ਦੇਸੀ ਮਹੀਨਿਆਂ ਅਤੇ ਸੁਦੀ ਤੇ ਵਦੀ ਦਾ ਵਿਚਾਰ ਉਨ੍ਹਾਂ ਦੇ ਧਾਰਮਿਕ ਕੰਮਾਂ ਵਿਚ ਉਸੇ ਤਰ੍ਹਾਂ ਹੁੰਦਾ ਹੈ।

14. ਵਿਸਾਖੀ, ਲੋਹੜੀ, ਹੋਲੀ ਆਦਿ ਤੇ ਕਿੰਨੇ ਹੀ ਤਿਉਹਾਰ ਅਤੇ ਮੇਲੇ ਸਾਰੇ ਪੰਥਾਂ ਦੇ ਅਨੁਯਾਈ ਮਨਾਉਂਦੇ ਹਨ। ਤੀਰਥਾਂ ਦੀ ਯਾਤਰਾ ਵਿਚ ਸਾਰੇ ਇਕੋ ਤਰ੍ਹਾਂ ਨਾਲ ਭਾਗ ਲੈਂਦੇ ਹਨ। ਸੰਗਰਾਂਦ, ਮੱਸਿਆ ਤੇ ਪੂਰਨਮਾਸ਼ੀ ਤੇ ਪਵਿਤਰ ਨਦੀਆਂ ਤੇ ਸਰੋਵਰਾਂ ਵਿਚ ਇਸ਼ਨਾਨ ਕਰਨ ਦੀ ਸਾਰਿਆਂ ਦੀ ਪਰੰਪਰਾ ਹੈ।

15. ਸਾਡੀਆਂ ਆਪਸੀ ਰਿਸ਼ਤੇਦਾਰੀਆਂ ਹਨ ਅਤੇ ਰੋਟੀ ਬੇਟੀ ਦੇ ਸਬੰਧ ਹਨ।

16. 'ਸਤਿ ਸ੍ਰੀ ਅਕਾਲ' ਵਿਚ 'ਸ੍ਰੀ' ਇਕ ਉਂਕਾਰ ਵਿਚ ਉਂ, ਅੰਮ੍ਰਿਤਸਰ, ਹਰਿਮੰਦਰ ਸਾਹਿਬ, ਸੰਸਕ੍ਰਿਤ ਦੇ ਸ਼ਬਦ ਹਨ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਤਿੰਨ ਸ਼ਬਦ ਸ਼ੁਧ ਸੰਸਕ੍ਰਿਤ ਦੇ ਹਨ।

ਉਪਰੋਕਤ ਗੱਲਾਂ ਤੋਂ ਸਪੱਸ਼ਟ ਹੈ ਕਿ ਸਿਖ ਸਮਾਜ ਹਿਂਦੂ ਸਮਾਜ ਦਾ ਹੀ ਅੰਗ ਹੈ। ਰੀਤੀ ਰਿਵਾਜ, ਪਰੰਪਰਾ ਆਦਿ ਸਾਰੀਆਂ ਗੱਲਾਂ ਇਕ ਹਨ। ਉਨ੍ਹਾਂ ਦੇ ਇਕ ਵੱਖ ਕੌਮ ਹੋਣ ਦੀ ਕਲਪਨਾ ਹੀ ਇਤਿਹਾਸ ਅਤੇ ਤੱਥਾਂ ਤੇ ਆਧਾਰਿਤ ਨਹੀਂ ਹੈ।

(ਜੀਵਨੀਪ੍ਰਤੀ ਮਈ 1983)

ਸਿੱਖ ਅਲੱਗ ਨਹੀਂ ਹਨ, ਉਹ ਹਿਂਦੂਆਂ ਦਾ ਇਕ ਹਿੱਸਾ ਹਨ ਤੇ ਉਨ੍ਹਾਂ ਦੀਆਂ ਓਹੋ ਜਿਹੀਆਂ ਹੀ ਜਾਤਾਂ, ਉਪਜਾਤਾਂ ਹਨ ਜਿਵੇਂ ਕਿ ਹਿਂਦੂਆਂ ਜਾਂ ਮੁਸਲਮਾਨਾਂ ਦੀਆਂ — ਚੌਧਰੀ, ਖੋਸਲਾ, ਮਲਹੋਤਰਾ, ਖੰਨਾ, ਗਿੱਲ, ਸੰਧੂ, ਰੰਧਾਵਾ, ਢਿਲੋਂ, ਅਰੋੜਾ, ਆਹਲੂਵਾਲੀਆ ਆਦਿ ਜਾਤਾਂ ਦੇ ਨਾਂ ਹਿਂਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿਚ ਸਾਂਝੇ ਹਨ। ਸਿਖ ਤੇ ਹਿਂਦੂ ਇਕੋ ਬੋਲੀ ਬੋਲਦੇ ਹਨ ਤੇ ਸਿਖ ਹਿਂਦੂਆਂ ਵਾਂਗ ਹੀ ਦੀਵਾਲੀ, ਹੋਲੀ, ਲੋਹੜੀ ਵਰਗੇ ਤਿਉਹਾਰ ਮਨਾਉਂਦੇ ਹਨ। ਹਾਲਾਂਕਿ ਖਾਲਸਿਆਂ ਨੇ ਕੁਝ ਵਖਰੇ ਤਰੀਕੇ ਅਪਣਾਏ, ਪਰ ਜਿਥੋਂ ਤੱਕ ਗੁਰਦੁਆਰਿਆਂ ਦੀ ਪੂਜਾ ਦਾ ਸਬੰਧ ਹੈ, ਹਿਂਦੂ ਵੱਡੀ ਗਿਣਤੀ ਵਿਚ, ਖਾਸ ਕਰਕੇ ਸਿੰਧੀ, ਸਿੱਖਾਂ ਵਰਗੇ ਹੀ ਰੀਤ-ਰਿਵਾਜਾਂ ਦੇ ਪਾਬੰਦ ਹਨ। ਹਿਂਦੂਆਂ ਤੇ ਸਿੱਖਾਂ

(ਬਾਕੀ ਪੰਨਾ 12 ਤੇ)

ALLWAYS TRAVEL

IATA APPOINTED AGENCY



- For Travel Around the World
- Complete Travel Arrangements

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋਵੇ ਤਾਂ ਆਲਵੇਜ਼ ਟਰੈਵਲ ਤੇ ਆਓ !

ਸਾਡੇ ਕੋਲ ਟਰੈਵਲ ਦੀਆਂ ਪੂਰੀਆਂ ਸੇਵਾਵਾਂ ਹਨ

Book Your Reservation Now For
SUMMER SPECIAL FARE
To INDIA, PAKISTAN, FIJI & LONDON etc.

ਗਰਮੀਆਂ ਵਿਚ ਇੰਡੀਆ, ਪਾਕਿਸਤਾਨ, ਫੀਜ਼ੀ ਜਾਂ ਲੰਡਨ ਜਾਣ ਲਈ ਸਪੈਸ਼ਲ ਕਿਰਾਏ ਲਈ ਆਪਣੀ ਬੁਕਿੰਗ ਕਰਾਓ

For more information : Ph. 875-1441

3657 Main St. (20th Ave.) Vancouver, B.C. V5V 3N6

ਪੰਨਾ 11 ਦੀ ਬਾਕੀ

ਵਿਚ ਵਿਆਹ ਵੀ ਹੁੰਦੇ ਹਨ, ਬੇਸ਼ੱਕ ਪੰਜਾਬ ਨੂੰ ਸਿੱਖਾਂ ਦਾ ਘਰ ਕਿਹਾ ਜਾਂਦਾ ਹੈ, ਪਰ ਹਿੰਦੂ ਤੇ ਮੁਸਲਮਾਨਾਂ ਦਾ ਵੀ ਉਹ ਉਹੋ ਜਿਹਾ ਹੀ ਘਰ ਹੈ।

(ਖੁਸ਼ਵੰਤ ਸਿੰਘ)

ਪਰੋਫੈਸਰ ਪੂਰਨ ਸਿੰਘ ਵਰਗੇ ਕਵੀ ਤੇ ਵਿਚਾਰਵਾਨ ਨੇ ਭੀ ਉਚੀ ਆਵਾਜ਼ ਨਾਲ ਇਹ ਕਿਹਾ ਸੀ —

"ਮਹਾਨ ਹਿੰਦੂ ਸਭਿਅਤਾ ਤੋਂ ਅਤੇ ਸਿੱਖ ਸਭਿਅਤਾ ਉਤੇ ਉਸਦੇ ਸੁਭਾਵਕ ਅਸਰ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।"

ਸਿਖ ਕਿਸੇ ਵੀ ਤਰੀਕੇ ਨਾਲ ਬਾਹਰਲਾ ਨਹੀਂ ਹੈ, ਉਹ ਭਾਰਤ ਵਿਚ ਜੰਮਿਆ ਹੈ, ਉਹ ਪ੍ਰਹਲਾਦ ਅਤੇ ਮੀਰਾਂ ਤੋਂ ਬਾਂਝਾ ਨਹੀਂ ਹੋ ਸਕਦਾ। ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਬਨਾਰਸ ਭੇਜਿਆ। ਕਿਹਾ ਜਾਂਦਾ ਹੈ ਕਿ ਉਹਨਾਂ ਆਪ "ਕ੍ਰਿਸ਼ਨ ਲੀਲਾ" ਦਾ ਅਨੁਵਾਦ ਕੀਤਾ।

ਸਾਡੀ ਮਾਤ-ਭੂਮੀ ਭਾਰਤ ਹੈ, ਸਾਡੀ ਭਾਸ਼ਾ ਸੰਸਕ੍ਰਿਤ ਚੋਂ ਨਿਕਲੀ ਹੈ, ਅਸੀਂ ਨਜ਼ਰੀਏ ਦੇ ਨਵੀਨ ਹਾਂ ਅਤੇ ਨਾਲ ਹੀ ਪ੍ਰਹਲਾਦ ਅਤੇ ਕ੍ਰਿਸ਼ਨ ਵਾਂਗ ਪੁਰਾਤਨ ਵੀ ਹਾਂ।"

"ਹਿੰਦੂਸਤਾਨ ਦੀ ਸਿਆਸੀ ਏਕਤਾ ਨੂੰ ਨਜ਼ਰ ਵਿਚ ਰਖਦਿਆਂ ਕਿਸੇ ਦਾ ਇਹ ਕਹਿਣਾ ਸ਼ਰਾਰਤੀ ਹੋਵੇਗਾ ਕਿ ਅਸੀਂ "ਹਿੰਦੂ ਨਹੀਂ ਰਹੇ, ਤੇ ਉਂਝ ਹੀ ਮੁਸਲਿਮ ਨਹੀਂ ਰਹੇ।" ਹਿੰਦੂਆਂ ਨਾਲ ਮਤਭੇਦਾਂ ਦੇ ਨੁਕਤਿਆਂ ਨੂੰ ਜ਼ਰਬ ਦੇ ਕੇ ਪੇਸ਼ ਕਰਨਾ ਸ਼ਰਾਰਤੀ ਹੈ, ਕਿਉਂਕਿ ਇਹ ਮਤਭੇਦ ਪ੍ਰਧਾਨ ਨਹੀਂ ਹਨ।"

ਭਾਈ ਕਾਨ੍ਹ ਸਿੰਘ ਜੀ ਦਾ ਕਹਿਣਾ ਕਿ "ਹਮ ਹਿੰਦੂ ਨਹੀਂ ਹਮ ਸਿਖ ਹੈਂ" ਕੀ ਇਹ ਸਚ ਹੈ ?

ਕੀ ਅਸੀਂ ਸਚ ਮੁਚ ਦਰ ਅਸਲ, ਗੁਰ ਆਸ਼ੇ ਮੁਜਬ ਸਿਖ ਅਖਵਾਣ ਦੇ ਹੱਕਦਾਰ ਹਾ ?

ਸਿੱਖ ਦੇ ਲੱਛਣ, ਸ੍ਰੀ ਗੁਰੂ ਰਾਮ ਦਾਸ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਕੀਤੇ ਹਨ —

ਗੁਰ ਸਤਿਗੁਰ ਕਾ ਜੋ ਸਿਖ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ। (ਪੰਨਾ 305)

ਪਰਮਾਤਮਾ ਮਨੁੱਖ ਪੈਦਾ ਕਰਦਾ ਹੈ। ਹਿੰਦੂ, ਮੁਸਲਮਾਨ, ਈਸਾਈ ਆਦਿ ਜਨਮ ਤੋਂ ਮਗਰੋਂ ਹੋਈਦਾ ਹੈ। ਸਾਰੇ ਮਾਨੁੱਖਾਂ ਜਾਤੀ ਇਕੋ ਤਰ੍ਹਾਂ ਜੰਮਦੇ, ਵੱਡੇ ਹੁੰਦੇ ਤੇ ਇਕ ਤਰ੍ਹਾਂ ਮਰਦੇ ਹਨ।

ਭਗਤ ਕਬੀਰ ਜੀ ਦਾ ਕਥਨ ਹੈ —

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ।
ਬ੍ਰਹਮ ਬਿੰਦੁ ਤੇ ਸਭ ਉਤਪਾਤੀ।
ਏਕੋ ਪਵਣ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ (96)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਨ੍ਹਾਂ ਭਗਤਾਂ ਦੀ ਬਾਣੀ ਨੂੰ ਗੁਰੂ ਸਮਾਨ ਕਹਿ ਕੇ ਮੱਥੇ ਟੇਕ ਹੁੰਦੇ ਹਨ, ਉਹ ਜਾਂ ਤਾਂ ਹਿੰਦੂ ਸਨ ਜਾਂ ਮੁਸਲਮਾਨ। ਸ੍ਰੀ ਅੰਮ੍ਰਿਤਸਰ ਵਿਚ ਗੁਰਸਿੱਖਾਂ ਦੇ ਮੱਕਾ ਸ਼ਰੀਫ ਦੀ ਨੀਂਹ ਵੀ ਹਜ਼ਰਤ ਮੀਆਂ ਮੀਰ ਜੀ ਦੀ ਹੀ ਰੱਖੀ ਹੋਈ ਹੈ।

ਤਾਂ ਫਿਰ ਹਮ ਹਿੰਦੂ ਨਹੀਂ, ਹਮ ਮੁਸਲਮਾਨ ਨਹੀਂ ਦੇ ਵਿਤਕਰੇ ਕਿਉਂ ?

ਸਿੱਖ ਇਤਿਹਾਸ ਅੰਗਰੇਜ਼ਾਂ ਨੇ ਆਪਣੀ ਕੁਟਲ-ਨੀਤੀ ਦੇ ਆਧਾਰ ਤੇ ਆਪਣੀਆਂ ਲੋੜਾਂ ਨੂੰ ਮੁੱਖ ਰਖ ਕੇ ਤਿਆਰ ਕਰਵਾਇਆ ਸੀ, ਜਿਹਾ ਕਿ ਇਕ ਸਿੱਖ ਵਿਦਵਾਨ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ —

"ਈਸਟ ਇੰਡੀਆ ਕੰਪਨੀ ਤੇ ਸਿੱਖ ਸਰਦਾਰਾਂ ਨੇ ਸਿਆਸੀ ਸਮੇਂ ਦੀ ਲੋੜ ਅਨੁਸਾਰ ਸਿੱਖ ਇਤਿਹਾਸ ਤਿਆਰ ਕਰਵਾਇਆ, ਜੋ ਸਿੱਖਾਂ ਵਿਚ ਪਰਚਲਤ ਹੋ ਗਿਆ ਤੇ ਅਨਪੜ੍ਹ ਸਿੱਖਾਂ ਨੇ ਉਸ ਇਤਿਹਾਸ ਨੂੰ ਪ੍ਰਮਾਣਿਕ ਮੰਨ ਲਿਆ।"।

(ਸਿੱਖ ਇਤਿਹਾਸ ਦਾ ਨਸ਼ਟ ਕਿਵੇਂ ਹੋਇਆ ਪੰਨਾ 44)

---

ਦੂਰ ਤੱਕ ਮੇਰੀ ਨਜ਼ਰ ਤੇਰੀ ਪੈੜ ਨੂੰ ਚੁੰਮਦੀ ਰਹੀ,
ਫੇਰ ਤੇਰੀ ਪੈੜ ਨੂੰ ਰਾਹਾਂ ਦੀ ਮਿੱਟੀ ਖਾ ਗਈ.

ਟੁਰਨ ਤੋਂ ਪਹਿਲਾਂ ਸੀ ਤੇਰੇ ਜੋਬਨ 'ਤੇ ਬਹਾਰ,
ਟੁਰਨ ਪਿੱਛੋਂ ਵੇਖਿਆ ਕਿ ਹਰ ਕਲੀ ਕੁਮਲਾ ਗਈ.

# ਕੈਨੇਡਾ ਦੇ ਸਾਹਿਤਕ-ਸੱਭਿਆਚਾਰਕ ਦੋਮਾਸਕ-ਪੱਤਰ ਵਤਨੋਂ ਦੂਰ ਵੱਲੋਂ ਵਿਸ਼ਵ ਪੰਜਾਬੀ ਕਾਨਫਰੰਸ - 86 ਦੇ ਨਾਂ ਸੁਨੇਹਾ

ਅਸੀਂ, 25 ਤੋਂ 28 ਅਪ੍ਰੈਲ 86 ਤੱਕ, ਲਾਹੌਰ(ਪਾਕਿਸਤਾਨ) ਵਿਚ ਹੋ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਨੂੰ ਇਹ ਸੁਨੇਹਾ ਭੇਜਣ ਦੀ ਖੁਸ਼ੀ ਲੈ ਰਹੇ ਹਾਂ।

ਵਿਸ਼ਵ ਪੰਜਾਬੀ ਸੰਮੇਲਨਾਂ ਅਤੇ ਕਾਨਫਰੰਸਾਂ ਦੇ ਸੰਬੰਧ ਵਿਚ ਸਾਡੀਆਂ ਹਮੇਸ਼ਾਂ ਹੇਠ ਲਿਖੀਆਂ ਦ੍ਰਿੜ ਧਾਰਨਾਵਾਂ ਰਹੀਆਂ ਹਨ :

1. ਵਿਸ਼ਵ ਪੱਧਰ ਦੇ ਅਜਿਹੇ ਇਕੱਠ ਹਮੇਸ਼ਾਂ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਹੀ ਹੋਣੇ ਚਾਹੀਦੇ ਹਨ ਤਾਂਕਿ ਵੱਧ ਤੋਂ ਵੱਧ ਪੰਜਾਬੀ ਇਨ੍ਹਾਂ ਵਿਚ ਭਾਗ ਲੈ ਸਕਣ।

2. ਅਜਿਹੇ ਇਕੱਠ ਸਰਕਾਰੀ, ਹੰਕਾਰੀ ਅਤੇ ਵਿਓਪਾਰੀ ਦਖਲ-ਅੰਦਾਜ਼ੀ ਤੋਂ ਮੁਕਤ ਹੋਣੇ ਚਾਹੀਦੇ ਹਨ।

ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬੀਅਤ ਅੱਜ ਕੱਲ ਗੰਭੀਰ ਸੰਕਟ ਵਿਚੋਂ ਗੁਜ਼ਰ ਰਹੀ ਹੈ। ਪਾਕਿਸਤਾਨ ਦੇ ਪੰਜਾਬੀਆਂ ਨੂੰ ਜਿੱਥੇ ਬੇਗਾਨਗੀ ਦੀਆਂ ਸਮੱਸਿਆਵਾਂ ਪੇਸ਼ ਆ ਰਹੀਆਂ ਹਨ, ਉਥੇ ਹਿੰਦੁਸਤਾਨ ਦੇ ਪੰਜਾਬੀਆਂ ਨੂੰ ਫਿਰਕੂ-ਜਨੂੰਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਾਨੂੰ ਉਮੀਦ ਹੈ ਕਿ ਇਹ ਕਾਨਫਰੰਸ, ਇਨ੍ਹਾਂ ਮਸਲਿਆਂ ਬਾਰੇ ਅਤੇ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਨਾਲ ਸੰਬੰਧਤ ਹੋਰ ਮਸਲਿਆਂ ਬਾਰੇ ਪੰਜਾਬੀਆਂ ਨੂੰ ਸਿਹਤਮੰਦ ਅਤੇ ਉਸਾਰੂ ਰਾਹਨੁਮਾਈ ਦੇਣ ਵਾਲੇ ਸਾਰਥਕ ਨਿਰਣੇ ਪੇਸ਼ ਕਰੇਗੀ।

ਇਸ ਆਸ ਨਾਲ 'ਵਤਨੋਂ ਦੂਰ' ਦੇ ਮਿਹਨਤਕਸ਼, ਵਿਸ਼ਵ ਪੰਜਾਬੀ ਕਾਨਫਰੰਸ-86 ਨੂੰ ਨਿੱਘੀਆਂ ਸ਼ੁਭ-ਇਛਾਵਾਂ ਭੇਜਦੇ ਹਨ।

ਅਦਾਰਾ ਵਤਨੋਂ ਦੂਰ
ਐਡਮਿੰਟਨ/ਵੈਨਕੂਵਰ (ਕੈਨੇਡਾ)


*Friends of* HONOURABLE GRACE McCARTHY

POST OFFICE BOX 2 - 4761 VANCOUVER, B.C. V5T 4E9

To purchase your tickets for this occassion ; $15 per person and $25 per couple or if you wish to advertise your business or personal compliments in the complimentary your business or personal compliments in the complimentary program, kindly contact volunteers listed below.

**Volunteers List**

| Name | Bus. Ph. | Res. Ph. |
|---|---|---|
| Ajaib S. Janda | 324-2565 | 434-4660 |
| Ajaib S. Gill | | 585-9388 |
| Ajit S. Kang | | 321-3161 |
| Assa S. Johal | 327-9258 | |
| Ashok Sharma | 324-7521 | |
| Avtar S. Gosal | 325-8500 | |
| Brahan Combow | | |
| Baljeet | 733-1644 | 438-3462 |
| Chitaranjan S. Mangat | 594-5711 | 594-2254 |
| Charan S. Mahal | | 988-4292 |
| Sindy Bains | | 261-0456 |
| Darshan K. Bains | | 324-7022 |
| Daljit S. Sidhu | 324-2311 | |
| Dolly Bains | | 271-0397 |
| D.P. Goyal (Dr.) | | 224-1691 |
| Gordie Mann | | 588-0820 |
| Geven Opal | 327-9258 | |
| Hardev S. Bhinder | | 591-3934 |
| Ishwarlal Patel | 327-0295 | |
| John Dosanjh | 731-8177 | 324-4080 |
| Jagdev Atwal | | 467-4450 |
| Jay Parmar | | 430-1319 |
| Jack Uppal | 327-9251 | 261-7096 |
| Jaswant S. Parmar | | 298-4477 |
| Kashmir S. Manhas | | 931-8444 |
| Krishana K. Tirkala | | 251-6914 |
| Kewal Khosla | 596-3388 | 590-3989 |
| Karnail Johal | 325-5113 | |

| Name | Bus. Ph. | Res. Ph. |
|---|---|---|
| Kewal Pabla | 321-5011 | 325-8342 |
| Krishan Soni | 872-1612 | 291-0880 |
| Lashman Gill | | 324-3977 |
| Mohinder Gill | | 433-1684 |
| Makanji Mukand | 324-7647 | |
| Malkit S. Parhar | 733-1644 | 228-0452 |
| Malkit Parmar | 590-1321 | 589-2650 |
| Mohan S. Bharya | | 589-1609 |
| Narinder Dhir | | 434-5947 |
| Nerma Shergill | | 530-0012 |
| Norm Sangha | | 433-5460 |
| Omkar Sharma | 877-1387 | |
| Ranjit Sandhu | | 263-0234 |
| Roop Manhas | 521-3612 | 597-1098 |
| Rajinder Goyal | 873-8308 | |
| Raj Kapahi | 689-8831 | 433-3441 |
| Ravi Mathur | 689-8831 | 525-5587 |
| Ragini Patti | 687-4258 | |
| Roshan Lal Kochar | 254-6459 | |
| Rattana Stephens | 278-4584 | |
| Sudesh Kalia | 685-9335 | 254-5837 |
| Sucha Claire | 321-1955 | 325-1450 |
| Shadi Khanna (Dr.) | | |
| Surinder Prihar | 585-3148 | |
| Sohan Parmar | 299-1451 | 299-4009 |
| Satwant S. Sangha | | 433-5460 |
| Sukhdev S. Rakhra | | 872-7251 |
| Sarbjit Khurana | | 327-3033 |



KAHLON IMPORT AUTO SERVICE
I.C.B.C. CLAIMS ACCEPTED

11965-95th Ave. & Scott Road, Delta. Ph.:585-1242

COMPLETE AUTOMOTIVE REPAIRS




FRONT
DISC BRAKE
$65.50



MUBARAK KAHLON
ਮੁਬਾਰਕ ਕਾਹਲੋਂ

*FRONT PADS INSTALATION
*FRONT WHEEL BEARING REPACK
*HYDRALLIC SYSTEM CHECKES
*RESURFACING FRONT ROTORS
*BREAK FLUID

ਹਰ ਕਿਸਮ ਦਾ ਮਕੈਨੀਕਲ
ਕੰਮ ਤਸੱਲੀ ਬਖਸ਼ ਕੀਤਾ ਜਾਂਦਾ ਹੈ

ਕਾਹਲੋਂ ਇੰਮਪੋਰਟ ਔਟੋ ਸਰਵਿਸ

11965-95 AVE. & SCOTT RD.
DELTA B.C.

PH.:585-1242

# ਸਾ ਹਿ ਤ  ਦ ਰ ਪ ਣ

## ਕਹਾਣੀ:
## ਆਪਣੇ ਹੀ ਆਪਣਿਆਂ ਨੂੰ !

**ਸੋਹਣ ਸੁਰਿੰਦਰ ਸੰਘਾ**

'ਵੇ ਗੁਰਬਿੰਦਰਾ ਤੂੰ ਹਾਲੇ ਉਠਿਆ ਨੀ ?' ਡਰੈਸਰ ਅਗੇ ਖੜੀ ਹਰਪਾਲ ਨੇ ਆਪਣੇ ਦਸਾਂ ਵਰ੍ਹਿਆਂ ਦੇ ਮੁੰਡੇ ਨੂੰ ਵਾਜ ਮਾਰੀ ।

'ਮੈਂ ਨੀ ਹਾਲੇ ਉਠਣਾ' ਬਿਸਤਰੇ ਵਿਚ ਪਏ ਹੀ ਗੁਰਬਿੰਦਰ ਨੇ ਆਖ ਦਿੱਤਾ ।

'ਉਠ ਮੇਰਾ ਪੁੱਤ, ਛੇਤੀ ਕਰ, ਅਜ ਅਸੀਂ ਨਗਰ ਕੀਰਤਨ 'ਤੇ ਜਾਣਾ ਏ, ਨਾਲੇ ਉਥੇ ਜੂਸ ਮਿਲਣਾ, ਨਾਲੇ ਲੱਡੂ ਖਾਣ ਨੂੰ, ਤੈਨੂੰ ਪਤਾ ਅਜ ਖਾਲਸੇ ਦਾ ਜਨਮ ਦਿਨ ਏ, ਉਠ ਮੇਰਾ ਬੀਬਾ ਰਾਣਾ' ਕਹਿ ਕੇ ਉਸ ਆਪਣਾ ਧਿਆਨ ਸ਼ੀਸ਼ੇ ਵੱਲ ਮੋੜ ਲਿਆ ।

ਸ਼ੀਸ਼ੇ ਵਿਚ ਆਪਣਾ ਹੀ ਅਕਸ ਵੇਖ ਕੇ ਉਸ ਨੂੰ ਸੰਗ ਜਹੀ ਆ ਗਈ । ਕੇਸਰੀ ਰੰਗ ਦਾ ਸੂਟ ਉਸ ਨੂੰ ਇਵੇਂ ਲੱਗਾ ਜਿਵੇਂ ਸੀਂ ਕੇ ਨਾ ਪਾਇਆ ਹੋਵੇ ਸਗੋਂ ਪਾ ਕੇ ਸੀਤਾ ਹੋਵੇ । ਉਹ ਆਪਣੇ ਆਪ ਨਾਲ ਹੀ ਗੱਲਾਂ ਕਰਨ ਲਗ ਪਈ । ਅੱਜ ਤਾਂ ਮੈਂ ਇਵੇਂ ਲਗਦੀ ਹਾਂ ਜਿਵੇਂ ਕਾਲਜ ਦੇ ਦਿਨਾਂ ਵਿਚ ਰੰਗ ਮੰਚ ਉਤੇ ਜਾਣ ਤੋਂ ਪਹਿਲਾਂ ਲਗਦੀ ਹੁੰਦੀ ਸੀ । ਉਹ ਭੀ ਦਿਨ ਸਨ । ਅੱਜ ਭੀ ਦਿਨ ਹਨ । ਸਵੇਰੇ ਉਠੋ, ਆਪ ਤਿਆਰ ਹੋਵੋ, ਗੁਰਬਿੰਦਰ ਨੂੰ ਤਿਆਰ ਕਰੋ । ਤਿੰਨਾਂ ਲਈ ਲੰਚ ਬਣਾਉ ਤੇ ਚਾਹ ਦਾ ਘੁੱਟ ਪੀ ਕੇ ਕੰਮ ਉਤੇ ਚਲੇ ਜਾਉ । ਅੱਠ ਘੰਟੇ ਜਲ ਜਾਣੀ 'ਲੀਸਾ ਤੋਂ ਤੱਰਾ ਤੱਰਾ ਕਰੋ । ਘਰ ਆ ਕੇ ਰੋਟੀ ਤਿਆਰ ਕਰੋ ਤੇ ਸਰਦਾਰ ਦੀ ਉਡੀਕ ਵਿਚ ਸੌਂ ਜਾਉ ।'

ਹਰਪਾਲ ਬੀ. ਏ. ਵਿਚ ਪੜ੍ਹਦੀ ਸੀ । ਜਦ ਉਸ ਦੀ ਮਾਸੀ ਨੇ ਇਕ ਦਸਵੀਂ ਫੇਲ੍ਹ ਮੁੰਡੇ ਨੂੰ ਹੱਥਾਂ ਉਤੇ ਲੈ ਕੇ ਉਸ ਕੋਲੋਂ ਹਰਪਾਲ ਲਈ ਅਰਜ਼ੀ ਭਰਵਾ ਦਿ ਤੀ ਸੀ ਤੇ ਆਪਣੀ ਭੈਣ ਨੂੰ ਪਿੰਡ ਚਿੱਠੀ ਪਾ ਦਿਤੀ । 'ਲੈ ਤੁਹਾਡਾ ਕੰਮ ਕਰ ਦਿਤਾ, ਕੁੜੀ ਇਥੇ ਆ ਜਾਏਗੀ, ਫੇਰ ਤੇਰੇ ਪੁਤ ਆ ਜਾਣਗੇ । ਸਾਰਾ ਟੱਬਰ ਐਸ਼ ਕਰੇਗਾ । ਇਨ੍ਹਾਂ ਮੁਲਕਾਂ ਨੂੰ ਤਾਂ ਲੋਕ ਤਰਸਦੇ ਨੇ । '

ਪਿਛਲੇ ਸਾਲ ਭੀ ਮੈਂ ਨਗਰ ਕੀਰਤਨ ਤੇ ਗਈ ਸੀ । ਕਿੰਨੇ ਲੋਕ ਸਨ । ਕਿਵੇਂ ਨਾਹਰੇ ਮਾਰਦੇ ਸਨ

ਲੈ ਕੇ ਰਹਾਂਗੇ ..........
ਦੇਣਾ ਪਊ .......
ਦੁਨੀਆਂ ਦੇਖੋ ..........

'ਕਿਹੜੇ ਕੱਪੜੇ ਪਾਵਾਂ ਮੰਮੀਂ' ਕਹਿ ਕੇ ਗੁਰਬਿੰਦਰ ਨੇ ਉਸ ਦੀ ਬਿਰਤੀ ਤੋੜ ਦਿਤੀ ।

'ਪੀਲੇ ਰੰਗ ਦਾ ਕੁੜਤਾ ਤੇ ਪਜਾਮਾ ਪਾ ਲੈ, ਪੱਗ ਤੇਰੀ ਮੈਂ ਬੰਨ੍ਹਦੀ ਆਂ ।' ਕਹਿ ਕੇ ਉਹ ਫੇਰ ਸੋਚਾਂ ਵਿਚ ਡੁੱਬ ਗਈ ।

'ਪਿਛਲੇ ਸਾਲ ਜਦ ਇਥੇ ਜਲੂਸ ਨਿਕਲਿਆ ਸੀ, ਓਨੀਂ ਦਿਨੀਂ ਵੀਰੇ ਦੀ ਚਿੱਠੀ ਪਿੰਡੋਂ ਆਈ ਸੀ ।'

'ਹਰਪਾਲ ਹੋਰ ਤਾਂ ਸਭ ਸੁਖ ਸਾਂਦ ਹੈ । ਪਰ ਕੱਲ ਮੋਟਰ ਸਾਈਕਲ ਵਾਲਿਆਂ ਨੇ ਇਕ ਪਰੋਫੈਸਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ । ਇਹ ਉਹ ਪਰੋਫੈਸਰ ਜੀ ਸਨ ਜਿਹੜੇ ਤੁਹਾਨੂੰ ਪੰਜਾਬੀ ਪੜ੍ਹਾਉਂਦੇ ਸਨ । ਇਹ ਉਨ੍ਹਾਂ ਦੀ ਹਿਟ ਲਿਸਟ ਤੇ ਸਨ । ਉਹ ਸ਼ਾਂਤੀ ਦਾ ਪਰਚਾਰ ਕਰਦੇ ਸਨ । ਉਹ ਕਹਿੰਦੇ ਸਨ ਮਾਰ ਧਾੜ ਮਸਲੇ ਹੱਲ ਨਹੀਂ ਕਰਦੀ, ਮਸਲੇ ਖੜ੍ਹੇ ਕਰਦੀ ਹੈ ।'

ਹਰਪਾਲ ਨੂੰ ਚੇਤਾ ਆਇਆ, ਉਹ ਪਰੋਫੈਸਰ ਤਾਂ ਬਹੁਤ ਚੰਗਾ ਸੀ । ਕਿੰਨਾ ਮਿਠ ਬੋਲੜਾ ਸੀ, ਹਰ ਇਕ ਦੇ ਕੰਮ ਆਉਂਦਾ ਸੀ । ਪੰਜਾਬੀ ਜ਼ਬਾਨ ਦੀ ਉਨਤੀ ਲਈ ਤਾਂ ਜਾਨ ਦਿੰਦਾ ਸੀ । ਉਸ ਨੇ ਕਿੰਨੀਆਂ ਹੀ ਕਿਤਾਬਾਂ ਲਿਖੀਆਂ ਹਨ । ਉਹ ਇਕ ਉਘਾ ਸਾਹਿਤਕਾਰ ਸੀ । ਪਰ ਸ਼ਾਂਤੀ ਕਿਹੜੀ ਮਾੜੀ ਗੱਲ ਹੈ । ਮਾਰ ਧਾੜ ਨਾਲ ਤਾਂ ਬੇ ਕਸੂਰੇ ਭੀ ਮਾਰੇ ਜਾਂਦੇ ਹਨ । ਜਦੋਂ ਏਅਰ ਇੰਡੀਆ ਦਾ ਜਹਾਜ਼ ਬੰਬ ਫਟਣ ਕਰਕੇ ਸਮੁੰਦਰ ਵਿਚ ਡਿਗ ਪਿਆ ਸੀ । ਮੇਰੀ ਉਸੇ ਮਾਸੀ ਦਾ ਪੁਤ ਜਿੰਨੇ ਮੈਨੂੰ ਇਥੇ ਸੱਦਿਆ ਸੀ ਭਾਬੀ ਨੂੰ ਲੈਣ ਗਿਆ ਉਸ ਜਹਾਜ਼ ਵਿਚ ਹੀ ਪੂਰਾ ਹੋ ਗਿਆ ਸੀ । ਕਿੰਨੇ ਬੱਚੇ ਔਰਤਾਂ ਤੇ ਬੰਦੇ ਸਨ ਉਸ ਜਹਾਜ਼ ਵਿਚ । ਉਸ ਮੇਰੇ ਵੀਰ ਨੇ ਮੇਰੇ ਵਿਆਹ ਉਤੇ ਕਿੰਨਾ ਖਰਚ ਕੀਤਾ ਸੀ । ਮਾਸੀ ਜੀ ਦੀ ਹਾਲਤ ਉਸ ਵੇਲੇ ਵੇਖੀ ਨਹੀਂ ਸੀ ਜਾਂਦੀ ।

ਫੋਨ ਦੀ ਘੰਟੀ ਨੇ ਉਸ ਨੂੰ ਸੋਚਾਂ ਵਿਚ ਡੁੱਬੀ ਨੂੰ ਡਰਾ ਜਿਹਾ ਦਿਤਾ । ਤੀਜੀ ਘੰਟੀ ਤੇ ਉਸ ਨੇ ਜਾ ਕੇ ਫੋਨ ਚੁੱਕਿਆ । ਦੂਜੇ ਪਾਸੇ ਤੋਂ ਆਵਾਜ਼ ਆਈ

'ਮੈਂ ਜਿੰਦੂ ਬੋਲਦੀ ਆਂ ।'

'ਹਾਂ ਮੈਂ ਪਛਾਣ ਲਿਆ ।'

'ਤੂੰ ਜਲੂਸ ਦੇਖਣ ਨਹੀਂ ਜਾਣਾ'

'ਜਾਣਾ ਤਾਂ ਹੈ, ਮੈਂ ਤਾਂ ਤਿਆਰ ਹਾਂ,
ਕਾਕਾ ਤਿਆਰ ਹੁੰਦਾ ਸੀ, ਮੈਂ ਹਾਲੇ ਇਸ ਦੇ ਸਿਰ ਤੇ ਪੱਗ ਬੰਨਣੀ ਆ ।'

'ਤੇ ਕੁਝ ਹੋਰ ਸੁਣਿਆ ਤੁਹਾਡੇ ਪਿੰਡ ਕੋਲ ਦੇ ਸ਼ਹਿਰ ਗੋਲੀ ਚਲ ਗਈ ।'

'ਉਹ ਕਿੱਦਾਂ'

'ਸਾਡੇ ਨੇ ਸਵੇਰੇ ਸ਼ਾਮ ਸਿੰਘ ਨੂੰ ਫੋਨ ਕੀਤਾ ਸੀ, ਉਸ ਕੋਲ ਰੇਡੀਓ ਹੈ ਜਿਹੜਾ ਬੀ. ਬੀ. ਸੀ. ਲੰਡਨ ਵੀ ਚਕਦਾ ਏ । ਉਹ ਦਸਦਾ ਸੀ 'ਇਕ ਜੀਪ ਵਿਚ ਪੁਲਸ ਦੀਆਂ ਵਰਦੀਆਂ ਪਾ ਕੇ ਚਾਰ ਅਤਿਵਾਦੀ ਆਏ, ਉਨ੍ਹਾਂ ਨੇ ਗੋਲੀਆਂ ਨਾਲ 13 ਬੰਦੇ ਭੁੰਨ ਕੇ ਰੱਖ ਦਿਤੇ । ਇਕ ਡਾਕਟਰ ਤੇ ਉਸ ਦਾ ਡਰਾਈਵਰ ਨਾਜਰ ਸਿੰਘ ਹਸਪਤਾਲ ਜਾਂਦੇ ਹੀ ਮਾਰੇ ਗਏ ।'

'ਹਾਏ ਨੀ, ਨਾਜ਼ਰ ਤਾਂ ਮੇਰੀ ਭੂਆ ਦਾ ਪੁੱਤ ਸੀ । ਹਾਏ ਮੈਂ ਮਰ ਗਈ, ਹੁਣ ਨਹੀਂ 'ਮੈਂ ਕਿਤੇ ਜਾਣਾ । ਨੀ, ਆਪਣੇ ਹੀ ਆਪਣਿਆਂ ਨੂੰ ਮਾਰੀ ਜਾਂਦੇ ਨੇ ।"

## ਹਰਭਜਨ ਹਲਵਾਰਵੀ ਦੇ ਤਿੰਨ ਗੀਤ



ਪ੍ਰਸਿੱਧ ਪੰਜਾਬੀ ਕਵੀ ਅਤੇ 'ਪੰਜਾਬੀ ਟ੍ਰਿਬਿਊਨ' ਦੇ ਅਸਿਸਟੈਂਟ ਐਡੀਟਰ ਹਰਭਜਨ ਹਲਵਾਰਵੀ, 'ਕੈਨੇਡਾ ਦਰਪਣ' ਦੇ ਮੁਖ ਸੰਪਾਦਕ ਦਰਸ਼ਨ ਗਿੱਲ ਅਤੇ 'ਪੰਜਾਬੀ ਟ੍ਰਿਬਿਊਨ' ਦੇ ਦੂਜੇ ਅਸਿਸਟੈਂਟ ਐਡੀਟਰ ਸ੍ਰੀ ਸ਼ਿੰਗਾਰਾ ਸਿੰਘ ਭੁਲਰ ਚੰਡੀਗੜ੍ਹ ਵਿਚ

1.

ਅਜ ਦੀ ਰੁੱਤੇ ਮੈਂ ਤੁਰ ਜਾਣਾ
ਤੂੰ ਤੁਰ ਜਾਣਾ ਭਲਕੇ
ਦਿਲ ਵਿਚ ਏਹੋ ਸੰਸਾ ਰਹਿਣਾ
ਕਦੇ ਨਾ ਬੈਠੇ ਰਲਕੇ ।

ਆਪਣੀ ਹੋਂਦ ਬਚਾਉਣ ਖਾਤਰ
ਮੈਂ ਹਰ ਬਿਪਤਾ ਝਾਗੀ ।
ਤੇਰੇ ਵਿਚ ਰਲ ਗੁੰਮ ਜਾਵਣ ਦੀ
ਇਹ ਤ੍ਰਿਸ਼ਨਾ ਕਿਉਂ ਜਾਗੀ ?
ਨਾ ਰਲਿਆ ਨਾ ਵਖ ਰਹਿ ਹੋਇਆ
ਵਹਿ ਗਿਆ ਗਿਆ ਇੰਜ੍ਹ ਪਿਘਲ ਕੇ ।

ਇਕ ਮੌਸਮ ਸੀ, ਅੱਖਾਂ ਵਿਚ ਸਨ
ਸੁਪਨੇ ਪਿਆਰੇ ਪਿਆਰੇ ।
ਫਿਰ ਸਭ ਸੁਪਨੇ ਬਣ ਗਏ ਹੰਝੂ
ਹੰਝੂ ਬਣ ਗਏ ਤਾਰੇ ।
ਨਾ ਸੁਪਨੇ, ਨਾ ਹੰਝੂ, ਅੱਖੀਓਂ
ਸੇਕ ਜਿਹਾ ਹੁਣ ਛਲਕੇ ।

ਕਿੰਨੀ ਵਾਰ ਨਾ ਚੁਣਨਾ
ਪਿਆਸੇ ਹੋਠਾਂ ਨੂੰ ਤਿੱਪ ਪਾਣੀ ।
ਕਿੰਨੀ ਵਾਰ ਦੁਹਰਾਈ ਜਾਊ
ਇਹ ਕੁਕਨੂਸ ਕਹਾਣੀ ।
ਆਪਣੀ ਰਾਖ 'ਚੋਂ ਜੰਮਣਾ ਪੈਣਾ
ਕਿੰਨੀ ਵਾਰੀ ਜਲ ਕੇ ।

ਅੱਜ ਦੀ ਰੁੱਤੇ ਮੈਂ ਤੁਰ ਜਾਣਾ
ਤੂੰ ਤੁਰ ਜਾਣਾ ਭਲਕੇ ।
ਦਿਲ ਵਿਚ ਏਹੋ ਸੰਸਾ ਰਹਿਣਾ
ਕਦੇ ਨਾ ਬੈਠੇ ਰਲਕੇ ।

2.

ਇੰਜ ਹੋਈ ਸਾਡੀ ਹੋਂਦ ਤੇਰੀ ਹਾਂ ਤੋਂ ਬਿਨਾਂ ।
ਜਿਵੇਂ ਰੁਲਦੇ ਮਾਸੂਮ ਕੋਈ ਮਾਂ ਤੋਂ ਬਿਨਾਂ ।

ਕਿੱਥੇ ਗਏ ਨੇ ਗੁਆਚ ਪਾਏ ਤੇਰੇ ਨਾਂ ਜੋ ਖਤ ।
ਕੁਝ ਭਾਲਦੇ ਹਵਾ ਚੋਂ ਸਾਡੇ ਖਾਲੀ ਖਾਲੀ ਹੱਥ ।
ਖਤ ਲਿਖਿਆ ਕਰਾਂਗੇ ਤੈਨੂੰ ਨਾਂ ਤੋਂ ਬਿਨਾਂ ।

ਦਿਨ ਬੀਤਦੇ ਨੇ ਸਾਡੇ ਹੁਣ ਅੱਜ ਕੱਲ੍ਹ ਵਿਚ ।
ਰੋਹੀ ਬੀਆਬਾਨ ਵਿਚ ਤੱਤੇ ਮਾਰੂਥਲ ਵਿਚ ।
ਅਸੀਂ ਸਿਖ ਲਿਐ ਜੀਣਾ ਤੇਰੀ ਛਾਂ ਤੋਂ ਬਿਨਾਂ ।

ਸਾਡਾ ਸਿਧਾ ਸਾਦਾ ਧਨ ਸਾਡੀ ਸੱਚੀ ਸੁੱਚੀ ਨੀਤ ।
ਇਸ ਬੇਸੁਰੇ ਸਮੇਂ 'ਚ ਤਾਂ ਹੀ ਲਿਖਦੇ ਹਾਂ ਗੀਤ ।
ਭਾਵੇਂ ਇਹ ਵੀ ਰੁਲ ਜਾਣੇ ਨੇ ਸੁਰਾਂ ਤੋਂ ਬਿਨਾਂ ।

ਇੰਜ ਹੋਈ ਸਾਡੀ ਹੋਂਦ ਤੇਰੀ ਹਾਂ ਤੋਂ ਬਿਨਾਂ ।
ਜਿਵੇਂ ਰੁਲਦੇ ਮਾਸੂਮ ਕੋਈ ਮਾਂ ਤੋਂ ਬਿਨਾਂ ।

3.

ਅਸੀਂ ਤੁਰੇ ਨਹੀਂ ਕਦੇ ਵੀ ਕਿਨਾਰਿਆਂ ਦੇ ਨਾਲ ।
ਸਾਡਾ ਸਾਥ ਰਿਹਾ ਛੱਲਾਂ ਦੇ ਹੁਲਾਰਿਆਂ ਦੇ ਨਾਲ ।

ਸਾਡੇ ਬੁੱਲ੍ਹਾਂ ਉਤੇ ਗੀਤ ਸਾਡੇ ਮਨਾਂ 'ਚ ਸਵੇਰ,
ਰਿਹਾ ਦੇਖਦਾ ਹੈਰਾਨ ਉਦੋਂ ਮੱਸਿਆ ਦਾ ਨ੍ਹੇਰ ।
ਅਸੀਂ ਨਜ਼ਰਾਂ ਮਿਲਾਈਆਂ ਜਦੋਂ ਤਾਰਿਆਂ ਦੇ ਨਾਲ ।

ਸਾਨੂੰ ਤੇਰੀ ਸੀ ਉਡੀਕ ਜਾਗੇ ਸਾਰੀ ਸਾਰੀ ਰਾਤ,
ਸਾਡੇ ਨਿੱਘੇ ਨਿੱਘੇ ਸਾਹਾਂ ਨੇ ਮਘਾਈ ਉਹੋ ਬਾਤ,
ਜਿਹੜੀ ਮੁੱਕਣੀ ਸੀ ਤੇਰਿਆਂ ਹੁੰਗਾਰਿਆਂ ਦੇ ਨਾਲ ।

ਸਾਨੂੰ ਜਚੇ ਨਾ ਪਡਾਅ ਏਨੇ ਰਾਸ ਆਏ ਰਾਹ,
ਸਦਾ ਵਗਦੀ ਹਵਾ ਦੇ ਨਾਲ ਰਿਹਾ ਸਾਡਾ ਵਾਹ,
ਭਾਵੇਂ ਪੁੱਛ ਲਵੀਂ ਉਹਨੂੰ ਤੂੰ ਇਸ਼ਾਰਿਆਂ ਦੇ ਨਾਲ ।

ਅਸੀਂ ਤੁਰੇ ਨਹੀਂ ਕਦੇ ਵੀ ਕਿਨਾਰਿਆਂ ਦੇ ਨਾਲ ।
ਸਾਡਾ ਸਾਥ ਰਿਹਾ ਛੱਲਾਂ ਦੇ ਹੁਲਾਰਿਆਂ ਦੇ ਨਾਲ ।

## ਚੁੱਪ

ਚੁੱਪ ਦੀ 'ਵਾਜ ਸੁਣੋ.
ਚੁੱਪ ਦੀ 'ਵਾਜ ਸਿਰਫ ਆਸ਼ਕ ਦੀ
ਰੱਤ ਸੁਣਦੀ ਹੈ
ਜਾਂ ਖੰਡਰਾਂ ਦੀ ਛੱਤ ਸੁਣਦੀ ਹੈ
ਜਾਂ ਸੱਪਣੀ ਦੀ ਅੱਖ ਸੁਣਦੀ ਹੈ
ਚੁੱਪ ਦੀ 'ਵਾਜ ਸੁਣੋ.

ਹੁਣੇ ਜੋ ਸਾਵੇ ਰੁੱਖਾਂ ਦੇ ਵਿੱਚ
'ਵਾ ਬੋਲੀ ਹੈ
ਹੁਣੇ ਜੋ ਪੰਛੀ ਨੇ ਅੰਬਰਾਂ ਤੋਂ
ਛਾਂ ਡੋਹਲੀ ਹੈ
ਇਹ ਮੇਰੀ ਚੁੱਪ ਦੀ ਬੋਲੀ ਹੈ
ਚੁੱਪ ਦੀ 'ਵਾਜ ਸੁਣੋ

ਚੁੱਪ ਨੂੰ ਸਪਣੀ ਦੀ ਅੱਖ ਵਾਕਣ
ਪਿਆਰ ਕਰੋ
ਚੁੱਪ ਨੂੰ ਖੰਡਰਾਂ ਵਾਕਣ
ਰਲ ਕੇ ਯਾਦ ਕਰੋ
ਚੁੱਪ ਦਾ ਕਬਰਾਂ ਵਾਕਣ ਹੀ
ਸਤਿਕਾਰ ਕਰੋ

ਥਲ ਵਿੱਚ ਆਪਣੀ ਛਾਂ ਸੰਗ
ਰਲ ਕੇ ਸਫਰ ਕਰੋ
ਅੰਨ੍ਹੇ ਖੂਹਾਂ 'ਚੋਂ
ਅਧੀਂ ਰਾਤੀਂ ਡੋਲ ਭਰੋ
ਵਗਦੀ 'ਵਾ ਵਿੱਚ
ਬੁੱਢੇ ਬੋਹੜਾਂ ਹੇਠ ਬਹੋ
ਪਰਬਤ ਉੱਪਰ ਉੱਗੇ
ਸਾਵੇ ਹਰਫ ਪੜ੍ਹੋ.

ਮੇਰੀ ਚੁੱਪ ਸੰਗ
ਜੋ ਜਮਮਾਂ ਤੋਂ ਯਾਰੀ ਹੈ
ਮੈਂ ਸੱਪਣੀ ਦੀ ਅੱਖ ਵਿੱਚ
ਉਮਰ ਗੁਜ਼ਾਰੀ ਹੈ.
ਚੁੱਪ ਦੀ 'ਵਾਜ ਜਿਸਮ ਭੋਗਣ ਤੋਂ
ਪਿਆਰੀ ਹੈ

ਚੁੱਪ ਦੀ 'ਵਾਜ ਸੁਣੋ.
ਚੁੱਪ ਦੀ 'ਵਾਜ ਸੁਣੋ.
ਚੁੱਪ ਦੀ 'ਵਾਜ ਸੁਣੋ.




PARKER'S
AUTO·MALL

**PARKERS AUTO MALL**
1765 and 1803 and 1848 Main Street, Penticton 492-2839

ਕਾਰ ਦੀ ਭਾਲ ਹੈ ? ਨਵੀਂ ਜਾਂ ਪੁਰਾਣੀ ?
ਕਰਿਸਲਰ ਦੇ ਝੂਟੇ ਲਵੋਂ ਭਾਵੇਂ ਪੋਨੀ ਦੇ - ਤੁਹਾਡੀ ਹਰ ਪ੍ਰਕਾਰ ਦੀ ਵੱਧ ਤੋਂ ਵੱਧ
ਸੇਵਾ ਕਰਨ ਦਾ ਮੌਕਾ ਦਿਓ
ਕਿਸੇ ਸਮੇਂ ਵੀ ਫੋਨ ਕਰੋ :-
498-6757
ਹਰਭਜਨ ਸਿੰਘ ਦਿਓਲ

Chris Parker, President of Parkers Auto Mall in Penticton is pleased to announce the appointment of Mr. H.S. Deol as Sales Representative. Mr. Deol will be representing new Chrysler products, new Hyundai products, new Empress motor homes, as well as a wide selection of used vehicles. Mr. Deol will be pleased to be of assistance to any member of the Indian community, particularly in the interior region of British Columbia. Mr. Deol may be reached at 498-6757 in Oliver, B.C.

# ਪੰਜਾਬੀ ਲੇਖਕ ਮੰਚ ਵੈਨਕੂਵਰ ਵੱਲੋਂ ਸਾਹਿਤਕ ਰਿਪੋਰਟ

ਪੰਜਾਬੀ ਲੇਖਕ ਮੰਚ ਦੀ ਮੀਟਿੰਗ 19 ਅਪ੍ਰੈਲ 1986 ਨੂੰ ਲਿਟਲਮਾਊਂਟੇਨ ਨੇਬਰਹੁੱਡ ਹਾਊਸ ਵਿਚ ਸ਼ਾਮ ਦੇ 4 ਵਜੇ ਹੋਈ ਜਿਸ ਵਿਚ ਗੁਰਚਰਨ ਟੱਲੇਵਾਲੀਆ, ਚਰਨ ਸਿੰਘ, ਅਮਰਜੀਤ ਚਾਹਲ, ਨਰਿੰਦਰ ਬਾਹੀਆ, ਸਾਧੂ, ਅਜਮੇਰ ਰੋਡੇ, ਸੋਹਣ ਸੁਰਿੰਦਰ ਸਕਰੂਲਵੀ, ਹਰਜੀਤ (ਆਰਟਿਸਟ ਇੰਡੀਆ), ਸੁਰਜੀਤ ਕਲਸੀ, ਸੂਫੀ ਅਮਰਜੀਤ, ਮਹਿੰਦਰ ਸੂਮਲ, ਇਕਬਾਲ ਕਾਹਲੋਂ, ਪਾਲ ਬਿਨਿੰਗ, ਗੁਰਚਰਨ ਰਾਮਪੁਰੀ ਅਤੇ ਸੁਖਵੰਤ ਹੁੰਦਲ ਸ਼ਾਮਿਲ ਹੋਏ। ਮੀਟਿੰਗ ਦੀ ਪ੍ਰਧਾਨਗੀ ਸਾਧੂ ਬਿਨਿੰਗ ਨੇ ਕੀਤੀ।

ਮੀਟਿੰਗ ਵਿਚ ਹਾਜ਼ਰ ਪੰਜਾਬੀ ਲੇਖਕ ਮੰਚ ਦੇ ਮੈਂਬਰਾਂ ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਸੁਰਜੀਤ ਕਲਸੀ, ਮਹਿੰਦਰ ਸੂਮਲ, ਸਾਧੂ, ਗੁਰਚਰਨ ਟੱਲੇਵਾਲੀਆ, ਅਮਰਜੀਤ ਸੂਫੀ, ਦਰਸ਼ਨ ਗਿੱਲ ਅਤੇ ਚਰਨ ਸਿੰਘ ਵਿਰਦੀ ਨੇ ਦੱਸਿਆ ਕਿ 11 ਅਪ੍ਰੈਲ 1986 ਦੇ ਇੰਡੋ ਕਨੇਡੀਅਨ ਵਿਚ ਛਪੀ ਖਬਰ ਕਿ ਜਸਪਾਲ 'ਬ੍ਰਸ' ਦੇ ਸਨਮਾਨ ਵਿਚ ਹੋਈ ਮੀਟਿੰਗ ਵਿਚ ਅਸੀਂ ਸ਼ਾਮਿਲ ਨਹੀਂ ਸਾਂ।

ਮੀਟਿੰਗ ਵਿਚ ਡਾ: ਐਮ. ਐਸ. ਰੰਧਾਵਾ ਦੇ ਚਲਾਣੇ ਤੇ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਇਕ ਕਾਰ ਹਾਦਸੇ ਵਿਚ ਹਰਭਜਨ ਹਲਵਾਰਵੀ ਦੇ ਜ਼ਖਮੀ ਹੋਣ ਤੇ ਉਨ੍ਹਾਂ ਦੇ ਮਾਤਾ ਜੀ ਤੇ ਭਰਾ ਦੇ ਚਲਾਣੇ ਤੇ ਅਫਸੋਸ ਪ੍ਰਗਟ ਕੀਤਾ ਗਿਆ

ਵੈਨਕੂਵਰ ਆਰਟਿਸਟ ਲੀਗ ਕਾਨਫਰੰਸ ਜਿਹੜੀ ਕਿ 9,10, ਤੇ 11 ਜੂਨ ਨੂੰ ਹੋ ਰਹੀ ਹੈ ਬਾਰੇ ਜਾਣਕਾਰੀ ਸਾਧੂ ਨੇ ਦਿਤੀ।

ਉਤਰਅੱਧ ਜਨਵਾਦੀ ਨਾਟਕ ਵਿਸ਼ੇਸ਼ ਅੰਕ ਦਾ ਪ੍ਰੀਚੇ ਸੂਫੀ ਅਮਰਜੀਤ ਨੇ ਕਰਵਾਇਆ।

ਇਸ ਪਿਛੋਂ ਸੋਹਣ ਸੁਰਿੰਦਰ ਸਕਰੂਲਵੀ ਨੇ ਆਪਣੀ ਨਵੀਂ ਕਹਾਣੀ "ਆਪਣੇ ਹੀ ਆਪਣਿਆਂ ਨੂੰ ਪੜ੍ਹੀ" ਜਿਹੜੀ ਕਿ ਅਜ ਕੱਲ ਦੀ ਫਿਰਕੂ ਹਾਲਤ ਬਾਰੇ ਇਕ ਖਿਆਲ ਪੇਸ਼ ਕਰਦੀ ਹੈ।

ਨਰਿੰਦਰ ਬਾਹੀਆ ਨੇ ਇਕ ਗ਼ਜ਼ਲ ਅਤੇ ਮਹਿੰਦਰ ਸੂਮਲ ਨੇ ਆਪਣੀ ਨਵੀਂ ਕਵਿਤਾ 'ਤੁਸੀਂ ਅਤੇ ਤੁਸੀਂ' ਪੜ੍ਹੀ।

ਇਸ ਪਿਛੋਂ ਲੇਖਕਾਂ ਤੇ ਕਲਾਕਾਰਾਂ ਨੇ ਹਰਜੀਤ ਨਾਲ ਉਸ ਦੀਆਂ ਕਲਾ ਕਿਰਤੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ। ਕੁਝ ਕੁ ਕਲਾ ਕਿਰਤੀਆਂ ਦੀ ਪ੍ਰਦਰਸ਼ਨੀ ਕੀਤੀ ਗਈ ਸੀ।

ਇਹ ਕਲਾ ਕਿਰਤੀਆਂ, ਸਿਰਫ ਇਕ ਕਾਲੇ ਬਾਲਪੁਆਇੰਟ ਪੈਨ ਨਾਲ ਬਣਾਈਆਂ ਹੋਈਆਂ ਹਨ ਅਤੇ ਚਿਤਰਕਾਰਾਂ ਨੇ ਕਿਤੇ ਵੀ ਕਿਸੇ ਪੈਨਸਲ ਰੰਗ ਜਾਂ ਰਬੜ ਦਾ ਇਸਤੇਮਾਲ ਨਹੀਂ ਕੀਤਾ। ਬਹੁਤੇ ਚਿਤਰ ਔਰਤ ਦੇ ਜੀਵਨ ਦੇ ਵੱਖ ਵੱਖ ਪ੍ਰਭਾਵ ਪ੍ਰਦਰਸ਼ਤ ਕਰਦੇ ਹਨ। ਹਰਜੀਤ ਦੀ ਥੀਮ abstract ਹੋਣ ਦੇ ਨਾਲ ਨਾਲ ਦਰਸ਼ਕ ਨੂੰ ਸੋਚਣ ਤੇ ਮਜ਼ਬੂਰ ਕਰਦੀ ਹੈ ਕਿ ਇਹ ਜੋ ਆਕ੍ਰਿਤੀ ਹੈ ਇਹ ਅਜਿਹੀ ਕਿਉਂ ਹੈ ਗਲਬਾਤ ਕੁੱਝ ਇਸ ਪ੍ਰਕਾਰ ਹੋਈ —

ਗੁਰਚਰਨ ਰਾਮਪੁਰੀ : ਇਕ ਕਲਾਕਾਰ abstract ਦਾ ਸਹਾਰਾ ਕਿਉਂ ਲੈਂਦਾ ਹੈ

ਹਰਜੀਤ : ਮੰਨ ਲਓ ਮੈਂ ਕਿਸੇ ਚਿੱਤਰ ਵਿਚ abstract ਚੀਜ਼ ਪੇਸ਼ ਕੀਤੀ ਹੈ ਉਸ ਵਿਚ ਦਰਸ਼ਕ ਆਪਣੇ ਆਪ ਸ਼ਾਮਿਲ ਹੋ ਜਾਂਦਾ ਹੈ ਜਦੋਂ ਉਹ ਇਕ ਹੀ ਆਕ੍ਰਿਤੀ ਦੇ ਵੱਖ ਵੱਖ ਮਤਲਬ ਕੱਢਦਾ ਹੈ ਜਾਂ ਇਕ ਹੀ ਰੂਪ ਰੇਖਾ ਉਸ ਨੂੰ ਵੱਖ ਵੱਖ ਤਰ੍ਹਾਂ ਦੀ ਲਗਦੀ ਹੈ।

ਅਜਮੇਰ ਰੋਡੇ : ਮੇਰਾ ਖਿਆਲ ਹੈ abstract form ਇਕ ਥਾਂ ਦੇਸ਼ ਜਾਂ ਮੁਲਕ ਨਾਲ ਬੱਝੀ ਨਹੀਂ ਰਹਿੰਦੀ ਇਸ ਦਾ ਘੇਰਾ Universal ਹੋ ਨਿਬੜਦਾ ਹੈ।

ਹਰਜੀਤ : ਮੇਰੀ ਥੀਮ ਅਨੁਸਾਰ ਦਰਸ਼ਕ ਵੀ ਆਪਣੀ ਕਲਪਨਾ ਸ਼ਾਮਿਲ ਕਰਕੇ ਇਸ ਨੂੰ ਸਰਵ ਸਾਂਝੇ ਅਰਥ ਦੇ ਸਕਦਾ ਹੈ।

ਗੁਰਚਰਨ ਰਾਮਪੁਰੀ : ਇਹ ਕਹਿਣਾ ਕਿੱਥੋਂ ਠੀਕ ਹੈ ਕਿ ਜਦੋਂ ਕੋਈ ਕਲਾਕਾਰ ਇਹ ਕਹਿੰਦਾ ਹੈ ਕਿ ਮੈਨੂੰ ਪਤਾ ਨਹੀਂ ਇਹ ਤਸਵੀਰ ਕਿਸ ਤਰ੍ਹਾਂ ਬਣ ਗਈ। ਮੈਨੂੰ ਪਤਾ ਹੈ ਕਿ ਮੇਰਾ ਖਿਆਲ ਕਿਥੋਂ ਆਉਂਦਾ ਹੈ ਉਸ ਨੇ ਕੀ ਰੂਪ ਲੈਣਾ ਹੁੰਦਾ ਹੈ ਤੇ ਉਸਦਾ Process ਕੀ ਹੈ ?

ਹਰਜੀਤ : ਇਹ ਠੀਕ ਹੈ ਕਿ ਕਲਾਕਾਰ ਅਕਸਰ ਇਹ ਕਹਿ ਦੇਂਦੇ ਹਨ ਕਿ ਪਤਾ ਨਹੀਂ ਇਹ ਇਸ ਤਰ੍ਹਾਂ ਦੀ ਤਸਵੀਰ ਆਪੇ ਬਣ ਗਈ ਪਰ ਨਹੀਂ ਖਿਆਲ ਦੀ ਪਕਿਆਈ ਪਹਿਲੀ ਬੀਜ ਰੂਪ ਚੀਜ਼ ਹੈ ਜਿਥੋਂ ਕਲਾ ਉਸਰਨੀ ਸ਼ੁਰੂ ਹੁੰਦੀ ਹੈ ਉਸ ਦਾ ਰੂਪ, ਇਹ ਠੀਕ ਹੈ ਕਈ ਵਾਰ ਕਿਆਸਿਆ ਨਹੀਂ ਹੁੰਦਾ।

ਸਾਧੂ : abstract ਰੂਪ ਜੋ ਸਾਧਾਰਣੀਕਰਣ ਕਰਦਾ ਹੈ ਤਾਂ ਇਹ ਸਾਹਿਤ ਵਿਚ ਕਰਨਾ ਬਹੁਤ ਔਖਾ ਹੈ ਕਲਾਕ੍ਰਿਤੀਆਂ ਵਿਚ ਜੇ ਇਹ ਉਭਰਦਾ ਨਹੀਂ ਤਾਂ ਇਸ term ਤੋਂ ਇਲਾਵਾ ਇਸ ਦਾ ਕੋਈ ਹੋਰ ਮਤਲਬ ਵੀ ਕੱਢਿਆ ਜਾ ਸਕਦਾ ਹੈ ?

ਚਰਨ : abstraction ਕਲਾ ਨੂੰ ਨਿਖਾਰਦੀ ਹੈ, ਸੋਚ ਜਾਂ ਖਿਆਲ ਆਪਣਾ ਰੂਪ ਧੁਰੋਂ ਲੈ ਕੇ ਆਉਂਦਾ ਹੈ — ਤੇ ਇਹ ਉਸ ਸੋਚ ਦੇ ਅੰਕਿਤ ਹੋਣ ਦੇ ਨਾਲ ਹੀ ਬਣਨੀ ਸ਼ੁਰੂ ਹੋ ਜਾਂਦੀ ਹੈ।

ਸੂਫੀ ਅਮਰਜੀਤ : ਇਹ ਠੀਕ ਹੈ ਕਿ ਇਹ ਚਿੱਤਰ ਇਕ ਖਿਆਲ ਨੂੰ ਪੇਸ਼ ਕਰਦੇ ਹਨ ਇਨ੍ਹਾਂ ਦਾ ਸਮਾਜ ਲਈ ਜਾਂ ਲੋਕਾਂ ਲਈ ਕੀ ਪ੍ਰਯੋਜਨ ਹੈ ?

ਸੁਰਜੀਤ ਕਲਸੀ : ਹਰ ਕਲਾ ਦਾ ਕੋਈ ਨਾ ਕੋਈ ਪ੍ਰਯੋਜਨ ਜ਼ਰੂਰ ਹੁੰਦਾ ਹੈ। ਇਨ੍ਹਾਂ ਚਿੱਤਰਾਂ ਵਿਚ ਜੋ ਖਿਆਲ ਤੇ ਕਲਾ ਪੇਸ਼ ਕੀਤੀ ਗਈ ਹੈ ਉਹ ਸਦੀਆਂ ਤੋਂ ਲਤਾੜੀ, ਜਾਲ ਵਿਚ ਫਸੀ ਔਰਤ ਦੀਆਂ ਵੱਖ ਵੱਖ ਹਾਲਤਾਂ ਦੀ ਗਾਥਾ ਹੈ ਇਨ੍ਹਾਂ ਚਿਤਰਾਂ ਨੂੰ ਦੇਖ ਕੇ ਦਰਸ਼ਕ ਇਕ ਵਾਰ ਰੁਕ ਕੇ ਵੇਖਦਾ ਹੈ ਕਿ ਕਲਾਕਾਰ ਨੇ ਕੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹ ਕਲਾ ਕਿਰਤੀਆਂ ਔਰਤ ਦੀ ਸਮੱਸਿਆ ਉਤੇ ਸੋਚਣ ਲਈ ਮਜ਼ਬੂਰ ਕਰਦੀਆਂ ਹਨ — ਕਿਤੇ ਔਰਤ trapped ਨਜ਼ਰ ਆਉਂਦੀ ਹੈ, ਕਿਤੇ ਚਾਨਣ ਦੀ ਉਡੀਕ ਕਰਦੀ ਨਜ਼ਰ ਆਉਂਦੀ ਹੈ, ਕਿਤੇ ਸੋਚ ਆਕਾਸ਼ ' ਪਰ ਪੈਰ ਖੂਹ 'ਚ ਜਕੜੇ ਨਜ਼ਰ ਆਉਂਦੇ ਹਨ... ਨਵੀਂ ਚੇਤਨਾ ਦੀ ਆਸ ਵਿਚ ਛਟਪਟਾਂਦੀ ਨਜ਼ਰ ਆਉਂਦੀ ਹੈ।

ਗੁਰਚਰਨ ਟੱਲੇਵਾਲੀਆ — ਪੰਜਾਬੀ ਲੇਖਕ ਮੰਚ ਵਿਚ ਇਸ ਤਰ੍ਹਾਂ ਦੇ ਕਲਾ ਚਿਤਰਾਂ ਦੀ ਪ੍ਰਦਰਸ਼ਨੀ ਦਾ ਲਗਣਾ ਸ਼ਲਾਘਾਯੋਗ ਹੈ।

ਸੂਫੀ ਅਮਰਜੀਤ : ਪੰਜਾਬੀ ਕਲਾ ਦੇ ਇਤਿਹਾਸ ਵਿਚ ਵਾਧੇ ਵਾਲੀ ਗੱਲ ਹੈ।

ਸਭਾ ਦੀ ਮੀਟਿੰਗ ਦੇ ਅੰਤ ਵਿਚ ਮਹਿੰਦਰ ਸੂਮਲ ਨੇ ਸੁਝਾਅ ਦਿਤਾ ਕਿ ਮਈ ਵਿਚ ਆਉਂਦੇ ਲੌਂਗ ਵੀਕ ਐਂਡ ਯਾਨੀ 17,18,19 ਮਈ ਨੂੰ ਕਿਸੇ ਇਕ ਦਿਨ ਕਵੀ ਦਰਬਾਰ ਕੀਤਾ ਜਾਏ ਜਿਸ ਵਿਚ ਪੁਸਤਕਾਂ ਤੇ ਚਿਤਰਾਂ ਦੀ ਪ੍ਰਦਰਸ਼ਨੀ ਫਿਰ ਲਾਈ ਜਾਏ। ਸਾਰੇ ਮੈਂਬਰਾਂ ਨੇ ਇਸ ਸੁਝਾਅ ਨੂੰ ਕਬੂਲ ਕੀਤਾ ਇਸ ਲਈ ਪੰਜਾਬੀ ਲੇਖਕ ਮੰਚ ਦਾ ਅਗਲਾ ਕਵੀ ਦਰਬਾਰ 18 ਮਈ ਨੂੰ ਕੀਤੇ ਜਾਣ ਦੀ ਸੰਭਾਵਨਾ ਹੈ ਇਸ ਮੌਕੇ ਤੇ ਨਾਰਥ ਦੇ ਪੰਜਾਬੀ ਲੇਖਕ ਵੀ ਸੱਦੇ ਜਾਣਗੇ। ਇੰਗਲੈਂਡ ਤੋਂ ਅਵਤਾਰ ਸਾਦਿਕ ਤੇ ਹਰਕੇਵਲ ਸਿੰਘ ਕੇਵਲ ਜੋ ਕਿ ਇਥੇ ਹੀ ਹਨ ਦੇ ਸ਼ਾਮਿਲ ਹੋਣ ਦੀ ਵੀ ਸੰਭਾਵਨਾ ਹੈ। ਕਵੀ ਦਰਬਾਰ ਬਾਰੇ ਹੋਰ ਜਾਣਕਾਰੀ ਅਗਲੇ ਅੰਕ ਵਿਚ ਦਿਤੀ ਜਾਵੇਗੀ।

ਹਰਜੀਤ ਦੇ ਚਿਤਰਾਂ ਬਾਰੇ ਇਕ ਇੰਟਰਵਿਊ ਛੇਤੀ ਹੀ ਛਾਪੀ ਜਾਏਗੀ।

ਪੰਜਾਬੀ ਲੇਖਕ ਮੰਚ ਵਲੋਂ:
ਸੁਰਜੀਤ ਕਲਸੀ

# ਨਿਊਜ਼ੀਲੈਂਡ ਦੁਆਰਾ ਪ੍ਰਮਾਣੂ ਰੋਕ ਕਾਰਨ ਅਮਰੀਕਾ ਔਖਾ — ਅਖੇ ਮੈਂ ਫੌਜੀ ਸੰਧੀ ਤੋੜ ਦੇਣੀ ਹੈ

ਵਾਸ਼ਿੰਗਟਨ — ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਿਆ ਹੈ ਕਿ ਅਮਰੀਕਾ ਨੇ ਆਸਟਰੇਲੀਆ ਅਤੇ ਨਿਊਜ਼ੀਲੈਂਡ ਨੂੰ ਕਿਹਾ ਹੈ ਕਿ ਉਹ 35 ਸਾਲ ਪੁਰਾਣੀ ਫੌਜੀ ਸੰਧੀ ਤੋੜ ਲਵੇਗਾ, ਜੇ ਨਿਊਜ਼ੀਲੈਂਡ ਨੇ ਪ੍ਰਮਾਣੂ ਹਥਿਆਰਾਂ ਵਾਲੇ ਜਹਾਜ਼ਾਂ ਨੂੰ ਨਿਊਜ਼ੀਲੈਂਡ ਵਿਚ ਦਾਖਲੇ ਤੇ ਰੋਕ ਲਾਉਣ ਲਈ ਬਿਲ ਪਾਸ ਕਰ ਦਿਤਾ। ਨਿਊਜ਼ੀਲੈਂਡ ਸਰਕਾਰ ਜੋ ਨਿਊਜ਼ੀਲੈਂਡ ਨੂੰ ਪ੍ਰਮਾਣੂ-ਰਹਿਤ ਖਿਤਾ ਕਰਾਰ ਦੇਣ ਲਈ ਬਿਲ ਪਾਸ ਕਰਨਾ ਚਾਹੁੰਦੀ ਹੈ। ਅਤੇ ਇਸ ਸਰਕਾਰ ਨੇ ਪਿਛਲੀਆਂ ਚੋਣਾਂ ਇਸੇ ਮੈਨੀਫੈਸਟੋ ਨਾਲ ਜਿਤੀਆਂ ਸਨ ਕਿ ਅਸੀਂ ਨਿਊਜ਼ੀਲੈਂਡ ਨੂੰ ਪ੍ਰਮਾਣੂ ਹਥਿਆਰਾਂ ਤੋਂ ਰਹਿਤ ਦੇਸ਼ ਬਣਾਵਾਂਗੇ। ਦੂਜੇ ਪਾਸੇ ਅਮਰੀਕਾ ਦਾ ਪੂਰਾ ਜ਼ੋਰ ਲਗਿਆ ਹੈ ਕਿ ਇਸ ਤਰ੍ਹਾਂ ਨਾ ਹੋਵੇ।

---


ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473



# ਕੀ ਇਮੀਗਰੇਸ਼ਨ ਦਾ ਮਸਲਾ ਹੈ ?

**ਆਓ ਅਸੀਂ ਤੁਹਾਡੀ ਮੱਦਦ ਕਰੀਏ ਜਿਵੇਂ ਅਸੀਂ 1946 ਤੋਂ ਕਰਦੇ ਆ ਰਹੇ ਹਾਂ !**

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

● ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ

● ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ, ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ। ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।

● ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਤੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ ' ਜਾਣ ਦੀ ਲੋੜ ਨਹੀਂ ਹੈ।

● ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਨਾ ਹੋਏ ਹੋਣ ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।

● ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।

● ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿੱਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।

● ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ ਤਾਂ ਅਸੀਂ ਕਾਨੂੰਨੀ ਤੌਰ ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)

ਹੋਰ ਜਾਣਕਾਰੀ ਲਈ ਮਿਲੋ
ਮਲਕੀਤ ਸਿੰਘ ਪਰਹਾਰ
OFF.(604)733-1644
Res. 228- 0452

**Malkit Singh Parhar**
#201-1275 W. 6th Avenue,
Vancouver, B.C. V6H1A6

● ਬਿਜ਼ਨਿਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇਮੀਗਰੇਸ਼ਨ ਲੈਣੀ ਹੋਵੇ। ਜੇਕਰ ਤੁਸੀਂ ਆਪਣਾ ਬਿਜ਼ਨਿਸ ਵਧਾ ਰਹੇ ਹੋ ਤੇ ਉਸ ਵਿਚ ਮੱਦਦ ਕਰਨ ਲਈ ਆਪਣੇ ਕਿਸੇ ਰਿਸ਼ਤੇਦਾਰ ਜਾਂ ਸਬੰਧੀ ਨੂੰ ਸੱਦਣਾ ਚਾਹੁੰਦੇ ਹੋ ਤਾਂ ਉਸਨੂੰ ਤੁਸੀਂ ਇਮੀਗਰੈਂਟ ਤੌਰ ਉਤੇ ਸੱਦ ਸਕਦੇ ਹੋ। ਉਸਦੇ ਬਾਰੇ ਸਾਡੇ ਕੋਲੋਂ ਪੁਛਗਿਛ ਕਰ ਸਕਦੇ ਹੋ।

● ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।

● ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।

● ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।

● ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।

● ਜੇ ਤੁਸੀਂ ਇੰਡੀਆ ਤੋਂ ਡਾਈਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਈਵੋਰਸ ਲੈ ਸਕਦੇ ਹੋ।

● ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸੇ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹ ਜ਼ਮੀਨ ਕਿਵੇਂ ਵੇਚ ਸਕਦੇ ਹੋ ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।

● ਤੁਸੀਂ ਆਪਣੇ ਮੰਗੇਤਰ ਲਈ ਅਰਜ਼ੀ ਭਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਕਿਸ ਕਿਸ documents (ਕਾਗਜ਼ਾਂ) ਦੀ ਲੋੜ ਹੈ — ਉਹ ਅਸੀਂ ਤੁਹਾਨੂੰ ਦੱਸ ਸਕਦੇ ਹਾਂ।

● ਜੇ ਤੁਹਾਡਾ ਕੋਈ ਕਿਸੇ ਇਮੀਗਰੈਂਟ ਰਿਸ਼ਤੇਦਾਰ ਦੀ ਮਨਿਆਦ ਲੰਘ ਗਈ ਹੋਵੇ ਉਹ ਵਾਪਸ ਕੈਨੇਡਾ ਕਿਵੇਂ ਆ ਸਕਦਾ ਹੈ — ਤੁਸੀਂ ਸਾਥੋਂ ਪੁੱਛ ਪੜਤਾਲ ਕਰ ਸਕਦੇ ਹੋ।

● ਜੇ ਤੁਹਾਨੂੰ ਜਨਮ, ਸਕੂਲ, ਵਿਆਹ, ਡਾਈਵੋਰਸ ਜਾਂ ਹੋਰ ਕਿਸੇ ਤਰ੍ਹਾਂ ਦੇ ਸਰਟੀਫਿਕੇਟ ਜਾਂ documents ਦੀ ਲੋੜ ਹੋਵੇ ਤਾਂ ਉਹ ਅਸੀਂ ਇੰਡੀਆ ਤੋਂ ਬਣਵਾ ਜਾਂ ਕੱਢਵਾ ਕੇ ਦੇ ਸਕਦੇ ਹਾਂ।

*World-Wide Immigration To Canada and U.S.A. Ltd.*



# ਫ਼ਿਲਮ-ਲੋਕ



## ਸੁਨੀਲ ਦੱਤ ਇਕ ਵਿਅਕਤੀ ਇਕ ਸੰਸਥਾ

ਸੁਨੀਲ ਦੱਤ ਇਕ ਵਿਅਕਤੀ ਦਾ ਹੀ ਨਹੀਂ ਬਲਕਿ ਇਸ ਸੰਸਥਾ ਦਾ ਨਾਂ ਹੈ। ਆਮ ਸਮਝਿਆ ਜਾਂਦਾ ਹੈ ਕਿ ਉਹ ਅਭਿਨੇਤਾ ਨਾਲੋਂ ਵਧ ਕੇ ਰਾਜਨੀਤੀਵੇਤਾ ਹੈ, ਅਸਲ ਵਿਚ ਰਾਜਨੀਤੀ ਨਾਲ ਸੁਨੀਲ ਦੱਤ ਦਾ ਪਹਿਲੇ ਦਿਨੋਂ ਹੀ ਲਗਾਓ ਰਿਹਾ ਤੇ ਉਹਦੀਆਂ ਸਮਾਜਕ ਸਰਗਰਮੀਆਂ ਦੀ ਵੀ ਲੰਮੀ-ਚੌੜੀ ਸੂਚੀ ਬਣਾਈ ਜਾ ਸਕਦੀ ਹੈ।

ਅਮਿਤਾਭ ਬਚਨ ਦੇ ਰਾਜਨੀਤਕ-ਜੀਵਨ ਦੀ ਜਿਥੇ ਕੌੜੀ ਚਰਚਾ ਅਕਸਰ ਛਿੜਦੀ ਰਹਿੰਦੀ ਹੈ ਉਥੇ ਸੁਨੀਲ ਦੱਤ ਦੇ ਰਾਜਸੀ-ਜੀਵਨ ਬਾਰੇ ਸੁਥਰਾ ਜ਼ਿਕਰ ਹੁੰਦਾ ਹੈ। ਦਲੀਪ ਕੁਮਾਰ ਵਾਂਗ ਸੁਨੀਲ ਦੱਤ ਬੰਬਈ ਦਾ ਸ਼ੈਰਿਫ ਰਹਿ ਚੁੱਕਾ ਹੈ। ਇਕ ਸਾਧਾਰਨ ਬੰਦੇ ਨੂੰ ਕੋਈ ਹਿਚਕਚਾਹਟ ਨਹੀਂ ਹੁੰਦੀ ਜੇਕਰ ਉਹ ਸੁਨੀਲ ਦੱਤ ਨੂੰ ਮਿਲਣਾ ਚਾਹੁੰਦਾ ਹੋਵੇ। ਜੇਕਰ ਉਹ ਬੰਬਈ ਦੇ ਪਾਲੀਹਿਲ ਵਾਲੇ ਬੰਗਲੇ ਵਿਚ ਹੀ ਹੈ ਤੇ ਬੇਸ਼ੱਕ ਅਰਾਮ ਹੀ ਕਰ ਰਿਹਾ ਹੈ, ਬੈਲ ਮਾਰਕੇ ਤੁਸੀਂ ਅੰਦਰ ਲੰਘ ਸਕਦੇ ਹੋ। ਉਹਦੇ ਸੁਭਾਅ 'ਚ ਅਜਿਹੀ ਲਚਕਤਾ ਅਤੇ ਖੁਲ੍ਹਾਪਣ ਉਦੋਂ ਵੀ ਸੀ ਜਦੋਂ ਉਹ ਅਤਿ ਦਾ ਰੁਝੇਵੇਂ ਭਰਪੂਰ ਐਕਟਰ ਸੀ ਤੇ ਇਹ ਜੀਵਨ-ਧਾਰਾ ਹੁਣ ਵੀ ਕਾਇਮ ਹੈ ਜਦੋਂ ਸਮਾਜਕ, ਸਿਆਸੀ ਗਤੀਵਿਧੀਆਂ ਵਿਚ ਉਹ ਗਲ ਗਲ ਖੁੱਭਾ ਹੋਇਆ ਹੈ।

ਸੁਨੀਲ ਦੱਤ ਦੀ ਜ਼ਿੰਦਗੀ ਦੇ ਰਸਤੇ ਬਹੁਤ ਪੱਧਰੇ ਨਹੀਂ ਰਹੇ। ਟੋਇਆਂ, ਖੱਡਾਂ, ਧੱਕਿਆਂ ਤੇ ਤੰਗੀਆਂ-ਤੁਰਸ਼ੀਆਂ ਨਾਲ ਉਹਦਾ ਵਾਹ ਪੈਂਦਾ ਰਿਹਾ। ਜਦੋਂ ਦੇਸ਼ ਦੀ ਵੰਡ ਹੋਈ ਤਾਂ ਉਨ੍ਹਾਂ ਦਾ ਪਰਿਵਾਰ ਖਿੰਡ ਪੁੰਡ ਗਿਆ। ਮਾਂ ਨੂੰ ਲੱਭਣ ਲਈ ਉਹ ਪਾਗਲਾਂ ਵਾਂਗ ਰਫਿਊਜੀ ਕੈਂਪਾਂ ਵਿਚ ਫਿਰਦਾ ਰਿਹਾ। ਛੋਟੀ ਉਮਰੇ ਬਾਪ ਦਾ ਸਾਇਆ ਉਹਦੇ ਸਿਰ ਤੋਂ ਉਠ ਗਿਆ ਸੀ। ਫਿਲਮ-ਲਾਈਨ ਵਿਚ ਆਉਣ ਤੋਂ ਪਹਿਲਾਂ ਸੁਨੀਲ ਦੱਤ ਬੱਸ-ਮੁਲਾਜ਼ਮ ਰਿਹਾ, ਫਿਰ ਰੇਡੀਓ ਸਿਲੋਨ ਦਾ ਅਨਾਊਂਸਰ ਰਿਹਾ ਤੇ ਹੋਰ ਵੀ ਕਈ ਕਿਸਮ ਦੇ ਪਾਪੜ ਵੇਲਣੇ ਪਏ। ਉਹਦਾ ਆਪਣੇ ਨਾਂਅ ਬਲਰਾਜ ਹੈ। ਉਹ ਪੰਜਾਬੀ ਹੈ।

ਰਮੇਸ਼ ਸਹਿਗਲ ਨੇ ਪਹਿਲੀ ਵਾਰ ਸੁਨੀਲ ਦੱਤ ਨੂੰ ਸਕਰੀਨ-ਟੈਸਟ "ਰੇਲਵੇ ਪਲੇਟਫਾਰਮ" ਫਿਲਮ ਲਈ ਚੁਣਿਆ। ਆਪਣੇ ਲੰਮੇ ਫਿਲਮੀ-ਜੀਵਨ ਵਿਚ ਸੁਨੀਲ ਦੱਤ ਨੇ ਸਮੇਂ ਸਮੇਂ ਸਿਰ ਕਈ ਖੂਬਸੂਰਤ ਅਤੇ ਨਿਵੇਕਲੇ ਤਜਰਬੇ ਕੀਤੇ। ਉਹਦੀ ਖੁਦ ਦੀ ਬਣਾਈ 'ਯਾਦੇਂ'' ਇਕ ਐਸੀ ਫਿਲਮ ਸੀ ਜਿਸ ਨੂੰ ਭਾਰਤੀ ਫਿਲਮ ਇਤਿਹਾਸ ਵਿਚ ਪਹਿਲੀ "ਵਨ - ਐਕਟਰ, ਵਨ- ਸੈਟ ਫਿਲਮ" ਘੋਸ਼ਿਤ ਕੀਤਾ ਗਿਆ। "ਮੁਝੇ ਜੀਨੇ ਦੋ" ਆਮ ਫਿਲਮਾਂ ਤੋਂ ਇਕਦਮ ਹਟਵੀਂ ਸੀ ਜਿਸ ਵਿਚ ਸੁਨੀਲ ਦੱਤ ਨੇ ਹੀਰੋ ਦੀ ਪਰੰਪਰਿਕ ਇਮੇਜ ਨੂੰ ਤੋੜ ਕੇ ਉਸ ਨੂੰ ਡਾਕੂ ਬਣਾ ਕੇ ਪੇਸ਼ ਕੀਤਾ ਤੇ ਸਮਝਿਆ ਜਾਂਦਾ ਹੈ ਕਿ "ਐਂਟੀ ਹੀਰੋ ਟਰੇਂਡ" ਇਸੇ ਫਿਲਮ ਤੋਂ ਅੱਗੇ ਤੁਰਿਆ। "ਸੁਜਾਤਾ", "ਹਮਰਾਜ", "ਅਮਰਪਾਲੀ", "ਮਿਲਨ", "ਮਿਹਰਬਾਨ", "ਖਾਨਦਾਨ" "ਇਨਸਾਨ ਜਾਗ ਉਠਾ" ਵਰਗੀਆਂ ਹੋਰ ਦਰਜਨਾਂ ਫਿਲਮਾਂ ਦੇ ਨਾਂ ਲਏ ਜਾ ਸਕਦੇ ਹਨ ਜਿਨ੍ਹਾਂ ਰਾਹੀਂ ਸੁਨੀਲ ਦੱਤ ਦੀ ਅਭਿਨੈ-ਕਲਾ ਨੇ ਗੂੜ੍ਹੀਆਂ ਪੈੜਾਂ ਕੀਤੀਆਂ ਅਤੇ ਅਮਿੱਟ ਪ੍ਰਭਾਵ ਛੱਡਿਆ। "ਸ਼ੋਅਲੇ" ਨੂੰ ਛੱਡ ਕੇ ਭਾਰਤੀ ਫਿਲਮਾਂ 'ਚੋਂ ਸਭ ਤੋਂ ਵੱਧ ਫਿਲਮ "ਮਦਰ ਇੰਡੀਆ" ਵਿਚਲਾ ਬ੍ਰਿਜੂ ਮੁੰਡੇ ਦਾ ਰੋਲ ਤਾਂ ਕਿਸੇ ਨੂੰ ਨਹੀਂ ਭੁੱਲ ਸਕਦਾ। ਇਸ ਇਕੋ ਰੋਲ ਦੇ ਆਧਾਰ 'ਤੇ ਸੁਨੀਲ ਦੱਤ ਦਾ ਨਾਂ ਫਿਲਮ ਇਤਿਹਾਸ ਵਿਚ ਸੁਰੱਖਿਅਤ ਤੇ ਰਾਖਵਾਂ ਹੋ ਗਿਆ ਸੀ।

ਭਾਵੇਂ ਨਰਗਿਸ ਤੇ ਰਾਜ ਕੁਮਾਰ ਦੇ ਪਿਆਰ ਦੀ ਪਹਿਲੇ ਵੇਲਿਆਂ ਵਿਚ ਖੂਬ ਚਰਚਾ ਰਹੀ ਪਰ ਸੁਨੀਲ ਦੱਤ ਨਾਲ ਵਿਆਹ ਕਰਾਉਣ ਉਪਰੰਤ ਉਨ੍ਹਾਂ ਦੋਹਾਂ ਦੀ ਸਫਲ ਜੋੜੀ ਅਤੇ ਸੁਖੀ ਪਰਿਵਾਰਕ ਜੀਵਨ ਦੀਆਂ ਲੋਕ ਮਿਸਾਲਾਂ ਪੇਸ਼ ਕਰਿਆ ਕਰਦੇ ਸਨ। ਨਰਗਿਸ ਦੀ ਕੈਂਸਰ ਨਾਲ ਹੋਈ ਮੌਤ ਨੇ ਸੁਨੀਲ ਦੱਤ ਦੇ ਅੰਦਰ ਡੂੰਘਾ ਟੋਆ ਪਾ ਦਿੱਤਾ ਸੀ। ਉਸ ਨੇ ਇਸ ਨਾ ਭੁਲਾਏ ਜਾ ਸਕਣ ਵਾਲੇ ਗਮ ਨੂੰ ਭੁਲਾਉਣ ਲਈ ਹੀ ਕੈਂਸਰ ਹਸਪਤਾਲ ਬਣਾਉਣ, ਚੈਰਿਟੀ ਸ਼ੋਅ ਕਰਨ, ਲੋੜਵੰਦਾਂ ਦੀ ਹਰ ਸੰਭਵ ਮਦਦ ਕਰਨ ਵਲ ਆਪਣਾ ਪੂਰਾ ਜੀਵਨ ਅਰਪਿਤ ਕੀਤਾ ਹੋਇਆ ਹੈ।

ਪਿਛਲੇ ਦਿਨੀਂ ਲੋਕ ਸਭਾ ਵਿਚ ਸੁਨੀਲ ਦੱਤ ਨੇ ਫਿਲਮਾਂ ਵਾਲਿਆਂ ਦੇ ਹੱਕ 'ਚ ਭਰਵੀਂ ਅਵਾਜ਼ ਉਠਾਈ ਤੇ ਦੱਸਿਆ ਕਿ ਫਿਲਮ ਸਨਅਤ ਰਾਹੀਂ ਇਸ ਵੇਲੇ ਦਸ ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ, ਵੱਖ ਵੱਖ ਟੈਕਸਾਂ ਦੇ ਰੂਪ ਵਿਚ ਫਿਲਮਾਂ ਵਲੋਂ ਸਰਕਾਰੀ ਖਜ਼ਾਨੇ ਨੂੰ ਹਰ ਸਾਲ ਪੰਜ ਸੌ ਕਰੋੜ ਰੁਪਿਆ ਦਿੱਤਾ ਜਾਂਦਾ ਹੈ ਪਰ ਸਰਕਾਰ ਨੇ ਅਜੇ ਤੱਕ ਫਿਲਮਾਂ ਨੂੰ "ਸਨਅਤ" ਨਹੀਂ ਮੰਨਿਆ ਤੇ ਮੁਢਲੀਆਂ ਸਹੂਲਤਾਂ ਵੀ ਨਹੀਂ ਦਿੱਤੀਆਂ। ਸੁਨੀਲ ਦੱਤ ਨੇ ਫਿਲਮ ਖੇਤਰ ਵੱਲੋਂ ਦੇਸ਼ ਵਿਚ ਸਮੇਂ ਸਮੇਂ ਸਿਰ ਕੁਦਰਤੀ ਆਫਤਾਂ ਨਾਲ ਪੀੜਿਤ ਲੋਕਾਂ ਲਈ ਕੀਤੀ ਮਦਦ ਦੇ ਵੇਰਵੇ ਵੀ ਪੇਸ਼ ਕੀਤੇ। ਉਹਦੇ ਦਲੀਲ-ਭਰਪੂਰ ਤੇ ਜਜ਼ਬਾਤੀ ਭਾਸ਼ਨ ਨੇ ਇਕ ਵਾਰ ਤਾਂ ਸਰਕਾਰ ਨੂੰ ਸੋਚਾਂ ਵਿਚ ਪਾ ਦਿੱਤਾ ਹੈ।




ਯਾਦਗਾਰੀ ਫਿਲਮ 'ਮੁਝੇ ਜੀਨੇ ਦੋ'' ਦੇ ਭਾਵੁਕ ਸਕੈਚ ਵਿਚ ਦਿਖਾਈ ਦੇ ਰਹੇ ਨੇ ਸੁਨੀਲ ਦੱਤ ਤੇ ਵਹੀਦਾ ਰਹਿਮਾਨ।


ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
ਨੂੰ ਫੋਨ ਕਰੋ :
581-4473
(ਦਫਤਰ ਦਾ ਸਮਾਂ 10.00 ਤੋਂ 5.30 ਵਜੇ ਤੱਕ)



## ਲਿੰਗ-ਆਧਾਰਿਤ ਪ੍ਰੇਸ਼ਾਨੀ ਅਤੇ ਮਨੁੱਖੀ ਹੱਕਾਂ ਦਾ ਕਾਨੂੰਨ

ਹਰ ਵਿਅਕਤੀ ਨੂੰ ਆਪਣਾ ਕੰਮ ਬਿਨਾਂ ਲਿੰਗ-ਆਧਾਰਿਤ ਪ੍ਰੇਸ਼ਾਨੀ ਤੋਂ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ

ਲਿੰਗ ਆਧਾਰਿਤ ਉਤੇ ਕਿਸੇ ਨੂੰ ਪ੍ਰੇਸ਼ਾਨ ਕਰਨਾ ਵਿਤਕਰੇ ਭਰੀ ਗੱਲ ਹੈ ਅਤੇ ਕੰਮ ਉਤੇ ਜੇ ਕਿਸੇ ਨੂੰ ਇਸ ਕਾਰਨ ਪ੍ਰੇਸ਼ਾਨ ਕੀਤਾ ਜਾਂਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਮਾਲਕ ਦੇ ਸਿਰ ਉਤੇ ਹੈ।

### ਲਿੰਗ-ਆਧਾਰਿਤ ਪ੍ਰੇਸ਼ਾਨੀ ਦੀ ਪ੍ਰੀਭਾਸ਼ਾ

ਲਿੰਗ-ਆਧਾਰਿਤ ਪ੍ਰੇਸ਼ਾਨੀ ਦੀ ਕੋਈ ਸਿੱਧੀ ਜਾਂ ਸਰਬ-ਪ੍ਰਵਾਨਤ ਪ੍ਰੀਭਾਸ਼ਾ ਨਹੀਂ। ਪਰ, ਆਮ ਤੌਰ ਉਤੇ, ਕਿਸੇ ਵਿਅਕਤੀ ਦੇ ਲਿੰਗ ਕਾਰਨ ਉਸ ਉਤੇ ਇਤਰਾਜ਼ਯੋਗ ਦਬਾਅ ਪਾਉਣਾ ਹੈ।

ਖਾਸ ਤੌਰ ਉਤੇ, ਲਿੰਗ-ਆਧਾਰਿਤ ਵਤੀਰਾ — ਜ਼ਬਾਨੀ, ਸਰੀਰਕ ਜਾਂ ਛੁਪਿਆ ਹੋਇਆ — ਲਿੰਗ-ਆਧਾਰਿਤ ਪ੍ਰੇਸ਼ਾਨੀ ਬਣਦਾ ਹੈ ਜਦੋਂ :

- ਅਜਿਹਾ ਵਤੀਰਾ ਬਾਹਰੀ ਜਾਂ ਅੰਤਰੀ ਤੌਰ ਉਤੇ ਨੌਕਰੀ ਦੀਆਂ ਸ਼ਰਤਾਂ ਵਿਚ ਮੰਨਿਆ ਜਾਵੇ
- ਅਜਿਹੇ ਵਤੀਰੇ ਦਾ ਮੰਨਣਾ ਜਾਂ ਠੁਕਰਾਉਣਾ ਨੌਕਰੀ ਅਤੇ ਫੈਸਲਿਆਂ ਦਾ ਆਧਾਰ ਬਣੇ
- ਅਜਿਹੇ ਵਤੀਰੇ ਦਾ ਭਾਵ ਜਾਂ ਅਸਰ ਕੰਮ ਕਰਨ ਵਿਚ ਦਖਲਅੰਦਾਜ਼ੀ ਬਣੇ
- ਅਜਿਹਾ ਵਤੀਰਾ ਪ੍ਰੇਸ਼ਾਨ ਕਰਨ ਵਾਲਾ, ਵਿਰੋਧੀ ਭਾਵ ਪੈਦਾ ਕਰਨ ਵਾਲਾ ਜਾਂ ਦੁਰਵਰਤੋਂ ਕਾਰਨ ਕੰਮ ਦੇ ਵਾਤਾਵਰਨ ਨੂੰ ਦੂਸ਼ਿਤ ਕਰੇ

### ਮਾਲਕ ਦੀਆਂ ਜ਼ਿੰਮੇਂਵਾਰੀਆਂ

ਇਹ ਜ਼ਿੰਮੇਂਵਾਰੀ ਮਾਲਕ ਦੀ ਹੈ ਕਿ ਉਹ ਕੰਮ ਕਰਨ ਵਾਲੇ ਸਥਾਨ ਉਤੇ ਲਿੰਗ-ਆਧਾਰਿਤ ਪ੍ਰੇਸ਼ਾਨੀ ਨੂੰ ਰੋਕੇ। ਜੇ ਅਜਿਹੀ ਪ੍ਰੇਸ਼ਾਨੀ ਵਾਪਰਦੀ ਹੈ, ਤਾਂ ਮਾਲਕ ਨੂੰ ਅਜਿਹੀ ਸਜ਼ਾ ਜਿਸ ਵਿਚ ਤਨਖਾਹ ਦੀ ਪੂਰਤੀ ਜਾਂ ਪ੍ਰੇਸ਼ਾਨ ਕੀਤੇ ਜਾਣ ਵਾਲੇ ਵਿਅਕਤੀ ਨੂੰ ਖਰਚਾ ਦੇਣਾ ਅਤੇ ਨਾਲ ਹੀ ਵੱਧ ਤੋਂ ਵੱਧ 2000 ਡਾਲਰ ਮਨੁੱਖੀ ਹੱਕਾਂ ਦੇ ਕਾਨੂੰਨ ਹੇਠ ਦੇਣਾ ਪਵੇਗਾ

ਲਿੰਗ-ਆਧਾਰਿਤ ਪ੍ਰੇਸ਼ਾਨੀ ਦੀ ਰੋਕ ਅਤੇ ਹੋਰ ਰੋਕ ਦੇ ਸਾਧਨਾਂ ਵਾਲੀ ਮਜ਼ਬੂਤ ਨੀਤੀ ਸਪੱਸ਼ਟ ਤੌਰ ਉਤੇ ਮਾਲਕ ਦੇ ਹੱਕ ਵਿਚ ਹੀ ਜਾਂਦੀ ਹੈ।

### ਹੋਰ ਜਾਣਕਾਰੀ ਲਈ

ਕਿਰਪਾ ਕਰਕੇ ਨੇੜੇ ਦੇ ਬੀ. ਸੀ. ਕੌਂਸਲ ਆਫ਼ ਹਿਊਮਨ ਰਾਈਟਸ ਦੇ ਦਫ਼ਤਰ ਨਾਲ ਸੰਪਰਕ ਕਰੋ

**VICTORIA**
British Columbia
Council of Human Rights
Parliament Buildings, Victoria, B.C.
V8V 1X4 Phone: 389-3877

**VANCOUVER**
British Columbia
Council of Human Rights
601 W. Broadway, Vancouver, B.C.
V5Z 4G9 Phone: 660-6811

Human Rights
A Responsibility We all Share.

Province of British Columbia
Ministry of Labour
COUNCIL OF HUMAN RIGHTS

# ਸਾਡੇ ਵਿਰਸਾ

ਗੁਰਬਖ਼ਸ਼ ਸਿੰਘ



## ਦੁਨੀਆਂ ਦੀ ਤਕਦੀਰ ਮਾਪਿਆਂ ਦੇ ਹੱਥ

ਇਕ ਅਮਰੀਕਨ ਨੇ ਬੱਚਿਆਂ ਬਾਰੇ ਇਕ ਲੇਖ ਲਿਖਿਆ ਹੈ ਜਿਹੜਾ ਲੱਖਾਂ ਦੀ ਗਿਣਤੀ ਵਿਚ ਛਾਪਿਆ ਗਿਆ ਹੈ। ਲੇਖਕ ਨੇ ਮਾਪਿਆਂ ਨੂੰ ਤਾੜਨਾ ਕੀਤੀ ਹੈ ਕਿ ਕਲ੍ਹ ਦੀ ਦੁਨੀਆਂ ਦੀ ਤਕਦੀਰ ਉਹਨਾਂ ਦੇ ਘਰਾਂ ਵਿਚ ਬਣ ਰਹੀ ਹੈ — ਇਹ ਸਾਰੇ ਸਮਿਆਂ ਦਾ ਵੱਡਾ ਕੰਮ ਹੈ। ਲੇਖਕ ਕਹਿੰਦਾ ਹੈ ਕਿ ਅਸਾਂ ਸਿਆਣਿਆਂ ਨੇ ਅੱਜ ਤੱਕ ਗਿਆਨ ਦੀ ਸਿਰਫ ਸਤਹ ਹੀ ਖੁਰਚੀ ਹੈ, ਕਲ੍ਹ ਜੋ ਕੁਝ ਈਜਾਦ ਕੀਤਾ ਜਾਣਾ ਹੈ, ਉਹਦੇ ਸਾਹਮਣੇ ਸਾਡਾ ਸਾਰਾ ਕੰਮ ਇਕ ਬਕਸੂਏ ਜਿੰਨਾ ਨਿਗੂਣਾ ਜਾਪੇਗਾ।

ਪਰ ਜਿਨ੍ਹਾਂ ਬੱਚਿਆਂ ਨੇ ਏਨਾ ਕੁਝ ਬਣਨਾ ਤੇ ਬਣਾਨਾ ਹੈ, ਉਹਨਾਂ ਨੂੰ ਸਾਡੇ ਨਾਲੋਂ ਚੰਗਾ ਮੌਕਾ ਮਿਲਣਾ ਚਾਹੀਦਾ ਹੈ, ਉਹਨਾਂ ਦੀ ਜ਼ਿੰਦਗੀ ਵਿਚ ਸਾਡੇ ਨਾਲੋਂ ਘੱਟ ਤੌਖਲੇ ਤੇ ਘਟ ਡਰ ਹੋਣੇ ਚਾਹੀਦੇ ਹਨ।

ਬੱਚੇ ਦੀ ਜ਼ਿੰਦਗੀ ਨੂੰ ਨਕਾਰਾ ਕਰਨ ਵਾਲੀਆਂ ਦੋ ਗੱਲਾਂ ਹੁੰਦੀਆਂ ਹਨ। ਇਕ ਡਰ ਤੇ ਦੂਜਾ ਜੋ ਸਿਆਣੇ ਆਖਣ ਉਹੀ ਕਰਨ ਦੀ ਮਜ਼ਬੂਰੀ। ਕਈ ਮਾਪੇ ਆਪਣਾ ਸਾਰਾ ਜ਼ੋਰ ਇਸ ਗੱਲ ਉਤੇ ਲਾ ਦੇਂਦੇ ਹਨ ਕਿ ਉਹਨਾਂ ਦੇ ਆਪਣੇ ਤਅੱਸਬ, ਆਪਣੇ ਨਿਰਣੇ ਤੇ ਆਪਣੇ ਚਾਲਚਲਨ ਦੇ ਨਿਯਮ ਬੱਚਿਆਂ ਦੇ ਦਿਮਾਗ ਉਤੇ ਪੱਥਰ ਉਤੇ ਲਕੀਰ ਵਾਂਗ ਬਹਿ ਜਾਣ। ਇਹ ਕਰਨਾ, ਸਮਝੋ ਆਪਣਾ ਮੌਕਾ ਬਿਲਕੁਲ ਗਵਾ ਦੇਣਾ ਹੈ। ਹਰ ਮਾਂ-ਪਿਓ ਨੂੰ ਇਹ ਕੰਮ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਦੋ ਦਿਮਾਗਾਂ ਤੇ ਸਰੀਰਾਂ ਨੂੰ ਮਿਲਾ ਕੇ ਕਈ ਨਵੇਂ ਤੇ ਵਧੀਆ ਦਿਮਾਗ ਬਣਾਨ। ਜਿਨ੍ਹਾਂ ਮਾਪਿਆਂ ਨੇ ਸਿਰਫ ਆਪਣੀ ਹੀ ਕੁਚੱਜੀ ਨਕਲ ਪੈਦਾ ਕਰ ਦਿਤੀ ਹੈ, ਉਹਨਾਂ ਨੇ ਆਪਣੀ ਬਾਜ਼ੀ ਹਾਰ ਦਿਤੀ ਹੈ। ਜੋ ਬਣ ਗਿਆ, ਉਹਨੂੰ ਫੇਰ ਬਣਾਨ ਵਿਚ ਕੁਦਰਤ ਦੀ ਕੋਈ ਦਿਲਚਸਪੀ ਨਹੀਂ — ਕੁਦਰਤ ਨਵੀਆਂ ਤਕਦੀਰਾਂ ਘੜਨ ਵਿਚ ਰੁਝੀ ਹੈ। ਬੀਤੇ ਹੋਏ ਜ਼ਮਾਨੇ ਵਿਚੋਂ ਨਮੂਨੇ ਚੁਣ ਕੇ ਬੱਚਿਆਂ ਦੇ ਸਾਹਮਣੇ ਰਖਣਾ ਸਿਰਫ ਉਹਨਾਂ ਨਾਲ ਹੀ ਬੇ-ਇਨਸਾਫੀ ਕਰਨਾ ਨਹੀਂ, ਸਗੋਂ ਆਪਣੇ ਜੀਵਨ-ਮਨੋਰਥ ਤੋਂ ਝੂਠਿਆਂ ਪੈਣਾ ਹੈ।

ਲਗਪਗ ਸਾਰੇ ਮਾਪੇ ਬੱਚਿਆਂ ਨੂੰ ਆਜ਼ਾਦੀ ਦੇਣ ਤੋਂ ਘਬਰਾਂਦੇ ਹਨ, ਉਹ ਆਪਣੇ ਸਿਆਣੇ ਮਿਆਰ ਨਾਲ ਉਹਨਾਂ ਦੀ ਹਰ ਹਰਕਤ ਨੂੰ ਤੋਲਦੇ ਤੇ ਨਿਰਾਸ ਹੋ ਜਾਂਦੇ ਹਨ, ਪਰ ਜ਼ਿੰਦਗੀ ਦੀ ਪਰਫੁਲਤਾ ਦਾ ਰਾਜ਼ ਆਜ਼ਾਦੀ ਹੈ। ਸਾਡੇ ਦੇਸ਼ ਵਿਚ ਆਜ਼ਾਦੀ ਦੀ ਘਾਟ ਹੈ — ਇਸ ਲਈ ਆਪਣੇ ਘਰਾਂ ਵਿਚ ਇਸ ਘਾਟ ਨੂੰ ਕੁਝ ਪੂਰਾ ਕਰਨਾ ਹੋਰ ਵੀ ਜ਼ਰੂਰੀ ਹੈ।

ਕਈ ਬੱਚੇ, ਮੈਂ ਵੇਖਦਾ ਹਾਂ, ਸਾਡੇ ਸਕੂਲ ਵਿਚ ਥਥਲਾਂਦੇ ਹਨ, ਚੋਰੀਆਂ ਤੇ ਸ਼ਰਾਰਤਾਂ ਕਰਦੇ ਹਨ। ਹਰ ਹਾਲਤ ਵਿਚ ਉਸ ਦਾ ਕਾਰਨ ਮੈਨੂੰ ਇਹ ਲੱਭਾ ਹੈ ਕਿ ਉਹਨਾਂ ਦੇ ਮਾਪਿਆਂ ਨੇ ਉਹਨਾਂ ਨੂੰ ਕਈ ਵਾਰੀ ਬੜਾ ਮਾਰਿਆ ਹੈ — ਜੀਕਰ ਕੋਈ ਚੋਰਾਂ ਨੂੰ ਵੀ ਨਹੀਂ ਮਾਰਦਾ। ਇਸ ਮਾਰ ਦਾ ਅਸਰ ਹੁਣ ਦੂਰ ਕਰਨਾ ਇਕ ਬੜਾ ਮੁਸ਼ਕਲ ਸਵਾਲ ਬਣ ਰਿਹਾ ਹੈ। ਵੱਡੀਆਂ ਸ਼ਰਾਰਤਾਂ ਕਰਨ ਵਾਲੇ, ਸਾਥੀਆਂ ਨੂੰ ਬੇ-ਰਹਿਮੀ ਨਾਲ ਮਾਰਨ ਵਾਲੇ, ਉਹਨਾਂ ਦੀਆਂ ਚੀਜ਼ਾਂ ਬਿਨਾਂ ਜ਼ਰਾ ਜਿੰਨੇ ਸੰਕੋਚ ਦੇ ਭੰਨ ਤੋੜ ਤੇ ਸਾੜ ਛੱਡਣ ਵਾਲੇ ਮੁੰਡਿਆਂ ਦੀ ਜਦੋਂ ਮੈਂ ਕਹਾਣੀ ਸੁਣਦਾ ਹਾਂ — ਤਾਂ ਸੌ ਵੀ ਸਦੀ ਉਹਦੇ ਵਿਚ ਇਹੀ ਗੱਲ ਹੁੰਦੀ ਹੈ ਕਿ ਮਾਪਿਆਂ ਨੇ ਉਹਨਾਂ ਨੂੰ ਮਾਰ ਮਾਰ ਕੇ ਜਾਂ ਕੜਕ ਕੜਕ ਕੇ ਬੁਜ਼ਦਿਲ ਬਣਾ ਦਿਤਾ ਹੁੰਦਾ ਹੈ। ਬਹੁਤ ਸਾਰੀਆਂ ਸ਼ਰਾਰਤਾਂ, ਏਸ ਬੁਜ਼ਦਿਲੀ ਦੇ ਅਹਿਸਾਸ ਤੋਂ ਬਚਣ ਲਈ ਬੱਚੇ ਦਾ ਯਤਨ ਹੁੰਦਾ ਹੈ।

ਸੋਟੀਆਂ ਨਾਲ, ਛਾਤੀ ਉਤੇ ਬਹਿ ਕੇ, ਮੰਜਿਆਂ ਹੇਠ ਹੱਥ ਧਰ ਕੇ, ਪੁੱਠੇ ਲਟਕਾ ਕੇ — ਇਸ ਤਰ੍ਹਾਂ ਦੀਆਂ ਮਾਰਾਂ ਬਾਰੇ ਮੈਂ ਆਪਣੇ ਸਕੂਲ ਦੇ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਦੇ ਮੂੰਹੋਂ ਸੁਣੀਆਂ ਹਨ। ਇਹ ਦਰਮਿਆਨੇ ਦਰਜੇ ਤੇ ਉਪਰਲੇ ਤਬਕੇ ਦਾ ਹਾਲ ਹੈ। ਗਾਲ੍ਹਾਂ ਦੇਣਾ, ਝਿੜਕਣਾ, ਠਿੱਠ ਕਰਨਾ, ਸ਼ਰਮਾਣਾ ਤਾਂ ਸਮਝੋ ਪੌਣ ਵਾਂਗ ਸਰਬ-ਵਿਆਪੀ ਹੈ।

ਸ਼ਰਮਾਣ ਤੇ ਠਿੱਠ ਕਰਨ ਦਾ ਅਸਰ ਕੀ ਪੈਂਦਾ ਹੈ? ਇਕ ਲੜਕੀ ਐਫ. ਏ. ਵਿਚ ਪੜ੍ਹਦੀ ਹੈ। ਇਹ ਬੜੀਆਂ ਸਹੇਲੀਆਂ ਬਣਾਂਦੀ ਤੇ ਉਹਨਾਂ ਨੂੰ ਖਤ ਲਿਖ ਕੇ ਖ਼ੁਸ਼ ਹੁੰਦੀ ਹੈ। ਇਸ ਦੀ ਡਾਕ ਹੋਰ ਭੈਣਾਂ ਭਰਾਵਾਂ ਨਾਲੋਂ ਜ਼ਿਆਦਾ ਹੁੰਦੀ ਹੈ, ਜਿਸ ਕਰਕੇ ਇਹਨੂੰ ਸਾਰੇ ਛੇੜਦੇ ਹਨ। ਡਾਕ ਵੇਲੇ ਕੋਈ ਦਰਸ਼ਕ ਬੈਠਾ ਹੋਵੇ ਤਾਂ ਉਹ ਵੀ ਕਹਿ ਦੇਂਦਾ ਹੈ, "ਇਹਦੀ ਬੜੀ ਡਾਕ ਆਉਂਦੀ ਹੈ!" ਇਹਦੇ ਮਾਤਾ ਜੀ ਵੀ ਕਹਿ ਦੇਂਦੇ ਹਨ, "ਇਹਦੀ ਡਾਕ ਚਲਦੀ ਹੀ ਰਹਿੰਦੀ ਹੈ — ਚਾਰ ਰੁਪਈਏ ਤਾਂ ਇਹਦੀ ਡਾਕ ਉਤੇ ਖਰਚ ਆ ਜਾਂਦੇ ਹੋਣਗੇ।" ਇਕ ਦਿਨ ਮੇਰੇ ਸਾਹਮਣੇ ਮਾਤਾ ਜੀ ਨੇ ਉਹਨੂੰ ਇਸ ਗੱਲੇ ਝਿੜਕਿਆ, ਮੈਂ ਹਿਮਾਇਤ ਕੀਤੀ ਕਿ ਤਾਂ ਕੀ ਹੋਇਆ, ਪਰ ਮੈਂ ਇਸ ਨੂੰ ਬਹੁਤ ਵੱਡੀ ਗੱਲ ਨਾ ਸਮਝਿਆ।

ਪਰਸੋਂ ਇਸ ਲੜਕੀ ਨੇ ਇਕ ਲੰਮਾ ਸਾਰਾ ਖਤ ਲਿਖ ਕੇ ਮੈਨੂੰ ਦਿੱਤਾ, ਤੇ ਉਸ ਵਿਚ ਇਹਦੇ ਅੱਥਰੂਆਂ ਦੇ ਕਈ ਨਿਸ਼ਾਨ ਸਨ। ਉਸ ਨੇ ਆਖਿਆ ਕਿ ਜਦੋਂ ਉਹਨੂੰ ਕੋਈ ਖਤ ਆਉਂਦਾ ਹੈ, ਉਹ ਲੁਕਾ ਕੇ ਰੱਖਦੀ ਹੈ — ਉਹਨੂੰ ਮਹਿਸੂਸ ਹੋਣ ਲਗ ਪਿਆ ਹੈ ਕਿ ਉਹ ਕੋਈ ਜੁਰਮ ਕਰ ਰਹੀ ਹੈ। ਇਸ ਲਈ ਹੁਣ ਉਸ ਫੈਸਲਾ ਕਰ ਲਿਆ ਹੈ ਕਿ ਅਗੋਂ ਚਿੱਠੀਆਂ ਨਾ ਲਿਖੇ, ਪਰ ਇਕਦਮ ਬੰਦ ਕਰਨਾ ਠੀਕ ਨਹੀਂ ਹੋਵੇਗਾ, ਇਸ ਲਈ ਉਸ ਨੇ ਚਾਹਿਆ ਕਿ ਮੈਂ ਕੁਝ ਚਿਰ ਲਈ ਉਹਦੀ ਮਾਤਾ ਨੂੰ ਸਮਝਾ ਦਿਆਂ।

ਇਹ ਬੱਚੇ ਲਈ ਬੜੀ ਖਤਰਨਾਕ ਅਵਸਥਾ ਹੈ। ਅਗੇ ਵੀ ਇਸ ਲੜਕੀ ਨਾਲ ਬੇ-ਇਨਸਾਫੀ ਹੋਈ ਹੈ। ਓਸੇ ਬੇ-ਇਨਸਾਫੀ ਕਰਕੇ ਬਹੁਤੀਆਂ ਚਿੱਠੀਆਂ ਲਿਖਣ ਦੀ ਲੋੜ ਇਹਨੂੰ ਪਈ ਹੈ। ਮੈਂ ਲੜਕੀ ਨੂੰ ਬੁਲਾ ਕੇ ਯਕੀਨ ਦੁਆਇਆ ਕਿ ਚਿੱਠੀਆਂ ਲਿਖਣ ਤੇ ਪੜ੍ਹਨ ਲਈ ਉਹਦਾ ਪੂਰਾ ਹੱਕ ਹੈ ਤੇ ਜਿੰਨਾ ਉਹ ਖਰਚ ਕਰ ਰਹੀ ਹੈ, ਉਹ ਵੀ ਉਹਦੇ ਹੱਕ ਨਾਲੋਂ ਜ਼ਿਆਦਾ ਨਹੀਂ, ਤੇ ਉਹਦੀ ਮਾਤਾ ਜੀ ਅਗੋਂ ਕੁਝ ਨਹੀਂ ਆਖਣਗੇ।

ਇਹ ਕੁੜੀ ਆਪਣੀ ਵੱਡੀ ਭੈਣ ਨਾਲੋਂ ਸਿਰਫ ਸਵਾ ਸਾਲ ਛੋਟੀ ਹੈ, ਇਹਦਾ ਰੰਗ ਬਚਪਨ ਵਿਚ ਕੁਝ ਸਾਫ ਨਹੀਂ ਸੀ। ਜਿਹੜਾ ਕੋਈ ਵੇਖੇ, ਇਹਦੀ ਵੱਡੀ ਭੈਣ ਦੇ ਰੰਗ ਨਾਲ ਮੁਕਾਬਲਾ ਕਰ ਕੇ ਕੁਝ ਨਾ ਕੁਝ ਆਖ ਛੱਡਿਆ ਕਰੇ। ਰੰਗ-ਚੇਤੰਨਤਾ ਨਾਲ ਘਟੀਆ ਹੋਣ ਦਾ ਅਹਿਸਾਸ ਪੈਦਾ ਹੋ ਗਿਆ। ਕੁਝ ਗੱਲਾਂ ਵੀ ਇਹ ਆਪਣੀ ਵੱਡੀ ਭੈਣ ਨਾਲੋਂ ਹੌਲੀਆਂ ਕਰਨ ਲੱਗ ਪਈ। ਕਿਸੇ ਨੇ ਇਹਦੇ ਮੂੰਹੋਂ ਕੋਝੀ ਜਿਹੀ ਗੱਲ ਸੁਣ ਕੇ ਇਹਨੂੰ 'ਜੱਟੀ' ਆਖ ਦਿਤਾ — ਹੌਲੀ ਹੌਲੀ ਇਹਦਾ ਨਾਂ 'ਜੱਟੀ' ਪੈ ਗਿਆ। ਇਸ ਨਾਂ ਨੇ ਇਹਦੀ ਮਾਨਸਿਕ ਤਰੱਕੀ ਰੋਕ ਦਿਤੀ। ਅਸਲ ਵਿਚ ਇਹ ਆਪਣੀ ਵੱਡੀ ਭੈਣ ਨਾਲੋਂ ਘਟੀਆ ਜ਼ਰਾ ਵੀ ਨਹੀਂ ਸੀ।

ਇਸ ਮਾਨਸਿਕ ਅਵਸਥਾ ਵਿਚ ਇਹਦੀ ਪ੍ਰਸੰਸਾ ਦੀ ਭੁੱਖ ਵਧ ਗਈ। ਇਹਨੂੰ ਜ਼ਰਾ ਵੀ ਜਿਹੜਾ ਸਲਾਹੇ, ਉਹਦੇ ਉਤੇ ਡਿੱਗ ਪਿਆ ਕਰੇ। ਇਸ ਤੋਂ ਇਸ ਨੂੰ ਆਪਣੀ ਰੱਖਿਆ ਲਈ ਸਹੇਲੀਆਂ ਇਕੱਠੀਆਂ ਕਰਨ ਦਾ ਸ਼ੌਕ ਪੈ ਗਿਆ —

ਬਾਕੀ ਪੰਨਾ 17 ਤੇ


## ਸਮਾਨਤਾ

ਅਤੇ

ਔਰਤਾਂ ਦੇ ਸਹਾਰਾ ਗਰੁੱਪ ਵੱਲੋਂ

ਪੇਸ਼ ਹੈ

## ਸਭਿਆਚਾਰਕ ਪ੍ਰੋਗਰਾਮ

### 31 ਮਈ 1986 ਨੂੰ

- ਡਰਾਮੇ :
  1. ਸਮਾਨਤਾ ਵਲੋਂ ਲਿਖਿਆ ਹੋਇਆ ਡਰਾਮਾ

     ਚੇਤਨਾ
  2. ਅਜਮੇਰ ਰੋਡੇ ਦਾ ਨਵਾਂ ਨਾਟਕ

     ਤੀਸਰੀ ਅੱਖ
- ਗੀਤ ਸੰਗੀਤ
- ਕਲਾ ਪ੍ਰਦਰਸ਼ਨੀ
- ਲੋਕ ਨਾਚ
- ਫੂਡ ਸੇਲ

ਇਹ ਪ੍ਰੋਗਰਾਮ 31 ਮਈ 1986 ਨੂੰ ਸਨਿਚਰਵਾਰ ਸ਼ਾਮ ਦੇ 6.00 ਵਜੇ ਵੈਨਕੂਵਰ ਟੈਕਨੀਕਲ ਸੈਕੰਡਰੀ ਸਕੂਲ ਵਿਚ ਜਿਹੜਾ ਕਿ 2600 ਈਸਟ ਬਰਾਡਵੇ ਉਤੇ ਹੈ - ਹੋ ਰਿਹਾ ਹੈ

ਹੋਰ ਜਾਣਕਾਰੀ ਲਈ ਫੋਨ ਕਰੋ :—

ਸਮਾਨਤਾ — 324-4275 ਜਾ 276-2735

ਜਾਂ ਬੀ. ਡਬਲਯੂ. ਐਸ. ਐਸ. - 734-1574

ਅੱਠ ਸਾਲ ਤੋਂ ਥੱਲੇ ਬੱਚੇ ਫਰੀ — ਬੇਬੀ ਸਿਟਰ ਦੀ ਵੀ ਪ੍ਰਬੰਧ ਹੈ

ਟਿਕਟ — $4.00



## India-Canada Invesment Seminar

### Hotel Vancouver, B.C. May 4, 1986
### Time 9.00 a.m. to 5.00 p.m.

INVEST THE MONEY IN INDUSTRIES IN YOUR HOMELAND. SPECIAL INCENTIVES AND PROGRAMS FOR NON—RESIDENT INDIANS AND CANADIANS ARE:

1. **Term loan available to any limit**
2. **Underwriting of shares**
3. **Direct equity participation of the State Govt.**
4. **Bridging loan scheme**
5. **Seed Capital Scheme**
6. **Additional Incentives for Industries in backward areas 25% of the project cost maximum limit Rs. 2,500,000/**
7. **Capital Subsidy**
8. **Feasibility report subsidy scheme**
9. **Sales Tax Incentive**
10. **Octroi Exemption**
11. **Project Counselling**
12. **Incentive to Pioneer and Prestige Projects more than Rs. 25.00 cropes (App. 25 Million U.S. dollars)**
13. **Income Tax Rebate**

**And much much more**

Please come and discuss directly with the top officials of INDIA INVESTMENT CENTRE(A. Govt. of India Undertaking) and various other top officials of Govt. of India.

This Seminar has been organized first time in Vancouver, B.C.

Seats are limited. Please reserve your seat today.

**The cost of full Seminar on May 4, 1986, from 9.00 a.m. to 5.00 p.m.**

**Including Luncheon is: $95.00 per person**

Please contact :

**India-Canada Investment Seminar P.O.BOX 3274 - Vancouver, B.C. V6B 3X9 — Ph. 521-0579**

Sponsored by India Investment Centre — New York.

(A Govt. of India Under Taking)

ਪੰਨਾ 16 ਦੀ ਬਾਕੀ

ਖਤ ਲਿਖਣੇ ਸਿਰਫ ਉਸ ਪਾਸਕੂ ਨੂੰ ਬਰਾਬਰ ਕਰਨ ਦਾ ਜਤਨ ਹੈ।

ਜਦ ਤੋਂ ਮੈਨੂੰ ਇਸ ਖਤਰੇ ਦੀ ਸਮਝ ਆਈ ਹੈ, ਮੈਂ ਇਸ ਨੂੰ ਸੁਰਖਿਅਤ ਰਖਣ ਦਾ ਯਤਨ ਕੀਤਾ ਹੈ, ਇਸ ਨੂੰ ਮਨੋਵਿਗਿਆਨ ਵੀ ਪੜ੍ਹਾਇਆ ਹੈ, ਇਹਦਾ ਪੁਰਾਣਾ ਅਹਿਸਾਸ ਹੁਣ ਕਾਫੀ ਘਟ ਗਿਆ ਹੈ, ਤੇ ਇਹਦਾ ਰੰਗ ਹੁਣ ਆਪਣੀ ਵੱਡੀ ਭੈਣ ਨਾਲੋਂ ਘੱਟ ਚੰਗਾ ਨਹੀਂ ਦਿੱਸਦਾ। ਇਹਦੇ ਵਿਚ ਕਈ ਖੁਸ਼ੀਆਂ ਜ਼ਾਹਿਰ ਹੋ ਜਾਂਦੀਆਂ ਹਨ — ਇਸ ਵਿਚ ਚੰਗੀ ਕਵਿਤਰੀ ਹੋਣ ਦੀ ਆਸ ਝਲਕ ਰਹੀ ਹੈ।

ਮੇਰੀ ਸਭ ਤੋਂ ਛੋਟੀ ਲੜਕੀ ਅੱਠ ਸਾਲ ਦੀ ਹੈ, ਤੇ ਆਪਣੇ ਬਾਕੀ ਭੈਣਾਂ ਭਰਾਵਾਂ ਨਾਲੋਂ ਜ਼ਿਆਦਾ ਹੋਣਹਾਰ ਸਮਝੀ ਜਾਂਦੀ ਹੈ। ਮੇਰਾ ਖਿਆਲ ਸੀ ਕਿ ਇਹ ਠੀਕ ਤਰ੍ਹਾਂ ਪਾਲੀ ਜਾ ਰਹੀ ਹੈ ਤੇ ਇਹਦੇ ਮਨ ਵਿਚ ਕੋਈ ਗੁੰਝਲਾਂ ਨਹੀਂ ਹੋਣਗੀਆਂ, ਕਿਉਂਕਿ ਪਿਛਲੇ ਸਾਲ ਤਕ ਇਹਦਾ ਰਵੱਈਆ ਬੜਾ ਠੀਕ ਰਿਹਾ ਹੈ। ਕੁਝ ਮਹੀਨਿਆਂ ਤੋਂ ਇਸ ਨੇ ਰੁੱਸਣਾ ਸ਼ੁਰੂ ਕਰ ਦਿਤਾ, ਤੇ ਮੈਨੂੰ ਇਹ ਵੀ ਪਤਾ ਲੱਗਾ ਕਿ ਇਹ ਕਿਸੇ ਦੇ ਘਰ ਜਾ ਕੇ ਖਾਣ ਵਾਲੀਆਂ ਚੀਜ਼ਾਂ ਵਿਚ ਦਿਲਚਸਪੀ ਦੱਸਦੀ ਹੈ; ਮੈਂ ਇਹ ਵੀ ਵੇਖਿਆ ਕਿ ਇਸ ਵਿਚ ਘਰੋਂ ਬਾਹਰ ਰਹਿਣ ਦੀ ਰੁਚੀ ਵਧਦੀ ਜਾਂਦੀ ਹੈ। ਇਕ ਗੱਲ ਹੋਰ ਵੀ ਵੇਖੀ ਕਿ ਆਪਣੇ ਘਰ ਨੂੰ ਆਉਂਦਿਆਂ ਰਾਹ ਵਿਚਲੇ ਵੱਡੇ ਬੋਤ੍ਹ ਕੋਲੋਂ ਇਹ ਡਰਦੀ ਹੈ।

ਇਹ ਸਭ ਖਤਰੇ ਦੀਆਂ ਝੰਡੀਆਂ ਹਨ। ਪਿਛਲੇ ਕੁਝ ਮਹੀਨੇ ਅਸੀਂ ਦੋਵੇਂ ਪਤੀ ਪਤਨੀ ਆਪਣੇ ਸਕੂਲ ਵਿਚ ਬੜੇ ਰੁੱਝੇ ਰਹੇ। ਸਾਡਾ ਕਈ ਵਾਰੀ ਲੌਢੇ ਵੇਲੇ ਖਾਣ ਦਾ ਕੋਈ ਬੰਦੋਬਸਤ ਨਹੀਂ ਸੀ ਹੁੰਦਾ। ਜਿਸ ਨੂੰ ਭੁੱਖ ਲੱਗੇ, ਉਹ ਆਪ ਖਾਣ ਵਾਲੀ ਜਾਲੀ 'ਚੋਂ ਢੂੰਡ ਕੇ ਕੁਝ ਖਾ ਲੈਂਦਾ ਸੀ।

ਮੈਂ ਆਪਣੀ ਬੱਚੀ ਨੂੰ ਇਕ ਰਾਤ ਸੌਣ ਤੋਂ ਪਹਿਲਾਂ ਆਪਣੇ ਬਿਸਤਰੇ ਉਤੇ ਬੁਲਾਇਆ। ਉਹ ਬੜੀ ਖੁਸ਼ ਹੋਈ। ਮੈਂ ਬੜਾ ਪਿਆਰ ਕਰਕੇ ਉਹਨੂੰ ਪੁੱਛਿਆ ਕਿ ਉਹਨੂੰ ਕੋਈ ਤਕਲੀਫ ਤਾਂ ਨਹੀਂ। ਗੱਲਾਂ ਕਰਦਿਆਂ ਕਰਦਿਆਂ ਉਸ ਫਿਕਰਮੰਦੀ ਨਾਲ ਪੁੱਛਿਆ, "ਭਲਾ ਦਾਰ ਜੀ — ਮੈਨੂੰ ਤੁਸੀਂ ਹਲਵਾਈ ਦੀ ਹੱਟੀ ਤੋਂ ਆਂਦਾ ਸੀ ?" ਮੈਂ ਆਖਿਆ, "ਨਹੀਂ ਤਾਂ।" ਉਸ ਆਖਿਆ, "ਸ਼ਕੁੰਤਲਾ ਭੈਣ ਜੀ ਏਸੇ ਤਰ੍ਹਾਂ ਆਂਹਦੇ ਸਨ — ਤੇ ਇਸ ਵਾਰੀ ਮਾਤਾ ਜੀ ਨੂੰ ਮੈਂ ਪੁੱਛਿਆ ਤਾਂ ਉਨ੍ਹਾਂ ਵੀ ਹੱਸ ਕੇ ਇਸ ਤਰ੍ਹਾਂ ਆਖਿਆ ਸੀ।" ਉਸ ਵੇਲੇ ਮੈਂ ਏਸ ਗੱਲ ਨੂੰ ਵੱਡਾ ਨਾ ਸਮਝਿਆ।

ਕੁੜੀ ਕੁਝ ਕੁਝ ਲਿੱਸੀ ਹੁੰਦੀ ਜਾ ਰਹੀ ਸੀ। ਉਹਦੇ ਮਾਤਾ ਜੀ ਨੇ ਆਖਿਆ ਕਿ ਦੁੱਧ ਨਹੀਂ ਪੀਂਦੀ। ਮੈਨੂੰ ਉਹਨੂੰ ਆਪਣੇ ਨਾਲ ਲੈ ਗਿਆ। ਉਹਨੂੰ ਮੈਂ ਦੱਸਿਆ ਕਿ ਮੈਂ ਉਹਨੂੰ ਜੇਕਰ ਉਹ ਚਾਹੇ ਖੁਸ਼ ਕਰਾਂਗਾ, ਜੋ ਚਾਹੇ ਲਿਆ ਦਿਆਂਗਾ, ਉਹ ਮੈਨੂੰ ਦੱਸੇ ਕਿ ਉਸ ਨੂੰ ਕਿਹੜੀ ਤਕਲੀਫ ਹੈ। ਉਸ ਨੇ ਆਖਿਆ, "ਇਹ ਗੱਲ ਮੇਰੇ ਦਿਲੋਂ ਨਹੀਂ ਜਾਂਦੀ ਕਿ ਪਾਲੀ ਤਾਂ ਘਰ ਵਿਚ ਜੰਮਿਆ ਸੀ ਤੇ ਮੈਨੂੰ ਤੁਸਾਂ ਹਲਵਾਈ ਕੋਲੋਂ ਆਂਦਾ ਸੀ — ਪਾਲੀ ਮੇਰੇ ਨਾਲੋਂ ਵੱਡਾ ਹੈ — ਉਹਨੂੰ ਮਾਤਾ ਜੀ ਹੁਣ ਤੱਕ ਨਾਲ ਸੁਆ ਲੈਂਦੇ ਹਨ।"

ਮੈਨੂੰ ਉਸ ਵੇਲੇ ਲੜਕੀ ਦੀ ਵੇਦਨਾ ਸਮਝ ਆ ਗਈ। ਅਸਲ ਵਿਚ ਘਰ ਦਾ ਬੱਚਾ ਉਹ ਹੈ, ਪਰ ਉਹਦੀ ਥਾਂ ਉਹਦੇ ਵੱਡੇ ਭਰਾ ਨੇ ਮੱਲੀ ਹੋਈ ਹੈ, ਤੇ ਕਿਸੇ ਨੇ ਬੜੀ ਬੇ-ਇਹਤਿਆਤੀ ਨਾਲ ਉਹਦੇ ਨਿਕੇ ਜਿਹੇ ਮਨ ਵਿਚ 'ਹਲਵਾਈ' ਵਾਲੀ ਗੱਲ ਪਾ ਦਿੱਤੀ ਹੈ ਤੇ ਉਹਦਾ ਯਕੀਨ ਪੱਕਾ ਹੋ ਗਿਆ ਹੈ।

ਮੈਂ ਉਸ ਨੂੰ ਬੱਚਿਆਂ ਦੇ ਪਲਣ ਵਾਲੀ ਥਾਂ ਬਾਰੇ ਸਮਝਾਇਆ, ਜਿੰਨਾ ਉਹ ਸਮਝ ਸਕਦੀ ਹੈ ਉਸ ਹੱਦ ਤੱਕ ਉਹਨੂੰ ਦੱਸਿਆ ਕਿ ਉਹ ਵੀ ਤੇ ਉਹਦਾ ਭਰਾ ਦੋਵੇਂ ਆਪਣੀ ਮਾਤਾ ਜੀ ਦੇ ਢਿੱਡ ਵਿਚੋਂ ਆਏ ਸਨ, ਹਲਵਾਈ ਬੱਚੇ ਨਹੀਂ ਬਣਾ ਸਕਦੇ, ਕਈਆਂ ਹਲਵਾਈਆਂ ਦੇ ਘਰ ਔਲਾਦ ਵੀ ਨਹੀਂ ਹੁੰਦੀ; ਉਹਦੇ ਭਰਾ ਨੂੰ ਮਾਤਾ ਜੀ ਤਾਂ ਨਾਲ ਸੁਆਂਦੇ ਹਨ ਕਿ ਉਹ ਬੀਮਾਰ ਰਹਿਣ ਕਰਕੇ ਧਿਆਨ ਦਾ ਲੋੜਵੰਦ ਹੋ ਗਿਆ ਸੀ ਤੇ ਫੇਰ ਉਹਦੀ ਨਾਲ ਸੌਣ ਦੀ ਆਦਤ ਪੈ ਗਈ; ਤੇ ਉਹ ਚੂੰਕਿ ਬੜੀ ਸਿਆਣੀ ਹੈ, ਭਰਾ ਨਾਲੋਂ ਪਹਿਲਾਂ ਨਹਾਉਣਾ, ਨਾਲਾ ਬੰਨ੍ਹਣਾ ਸਿੱਖ ਗਈ ਸੀ, ਏਸ ਲਈ ਉਹਨੂੰ ਅਸੀਂ ਬੜਾ ਸਿਆਣਾ ਬੱਚਾ ਸਮਝ ਕੇ ਖੁਦ-ਮੁਖਤਾਰ ਹੋਣ ਦਾ ਮੌਕਾ ਦਿਤਾ ਹੈ। ਉਹ ਖੁਸ਼ ਹੋ ਗਈ!

ਇਹ ਭਾਰ ਸੀ, ਜਿਹੜਾ ਬੋਤ੍ਹ ਦੀ ਸ਼ਕਲ ਵਿਚ ਉਹਨੂੰ ਦਬਾ ਰਿਹਾ ਸੀ। ਡਰ ਬੱਚੇ ਵਿਚ ਅਸੁਰਖਿਅਤ ਹੋਣ ਦਾ ਅਹਿਸਾਸ ਹੁੰਦਾ ਹੈ। ਹਨੇਰੇ ਕੋਲੋਂ, ਖਾਲੀ ਥਾਵਾਂ ਕੋਲੋਂ, ਵੱਡੇ ਬ੍ਰਿਛਾਂ ਕੋਲੋਂ ਡਰਨਾ ਆਪਣੇ ਆਪ ਨੂੰ ਅਸੁਰਖਿਅਤ ਸਮਝਣ ਦੀਆਂ ਨਿਸ਼ਾਨੀਆਂ ਹਨ।

ਮੈਂ ਉਹਦੀ ਮਾਤਾ ਨਾਲ ਰਲ ਕੇ ਉਹਦਾ ਇਹ ਅਹਿਸਾਸ ਘਟਾਣਾ ਸ਼ੁਰੂ ਕਰ ਦਿੱਤਾ ਹੈ। ਉਸ ਦੀ ਅਲਮਾਰੀ ਵਿਚ ਕਈ ਖਾਣ ਵਾਲੀਆਂ ਚੀਜ਼ਾਂ ਰਖ ਦਿਤੀਆਂ ਹਨ। ਉਹਦੇ ਖਾਣੇ ਦਾ ਖਿਆਲ ਰਖਦੇ ਹਾਂ। ਸਨੇਹੀਆਂ ਦੇ ਘਰਾਂ ਵਿਚ ਜਾ ਕੇ ਉਹੀ ਬੱਚਾ ਖਾਣ ਵਾਲੀਆਂ ਚੀਜ਼ਾਂ ਵਲ ਵੇਖਦਾ ਹੈ, ਜਿਦ੍ਹਾ ਘਰ ਵਿਚ ਪੂਰਾ ਖਿਆਲ ਨਾ ਰਖਿਆ ਜਾਏ। ਜਦੋਂ ਕਿਸੇ ਬੱਚੇ ਨੂੰ ਇਸ ਕਮਜ਼ੋਰੀ ਤੋਂ ਹਟਾਣਾ ਹੋਵੇ ਤਾਂ ਉਹਨੂੰ ਆਖਿਆ ਕੁਝ ਨਾ ਜਾਏ।

ਹੁਣ ਮੈਂ ਵੇਖ ਰਿਹਾ ਹਾਂ ਕਿ ਇਸ ਲੜਕੀ ਵਿਚ ਬੋਤ੍ਹ ਦਾ ਡਰ ਘਟਦਾ ਜਾ ਰਿਹਾ ਹੈ।

ਬੱਚਿਆਂ ਦੀ ਜ਼ਿੰਦਗੀ ਨੂੰ ਡਰ ਦਾ ਕੀੜਾ ਨਾ ਲੱਗਣ ਦਿਤਾ ਜਾਏ, ਢੂੰਡ ਢੂੰਡ ਕੇ ਇਹਨਾਂ ਦੇ ਡਰ ਕੱਢੇ ਜਾਣ। ਜਿਸ ਬੱਚੇ ਵਿਚ ਡਰ ਹੈ, ਉਹਦੀ ਦਲੇਰੀ ਤੇ ਕਲਪਨਾ ਦੋਵੇਂ ਕਮਜ਼ੋਰ ਹੋ ਜਾਣਗੀਆਂ।

ਬੱਚਿਆਂ ਲਈ ਤਿੰਨ ਚੀਜ਼ਾਂ ਜ਼ਰੂਰੀ ਹਨ: 1. ਦ੍ਰਿਸ਼ਟੀ, 2. ਕਲਪਨਾ, 3. ਦਲੇਰੀ।

ਦ੍ਰਿਸ਼ਟੀ ਦਾ ਮਤਲਬ ਇਹ ਹੈ ਕਿ ਬੱਚਾ ਅਸਲੀਅਤ ਨੂੰ ਵੇਖ ਸਕੇ। ਕਲਪਨਾ ਦਾ ਭਾਵ ਹੈ ਕਿ ਉਹ ਸੁਪਨੇ ਬਣਾ ਸਕੇ, ਹਵਾ ਵਿਚ ਕਿਲ੍ਹੇ ਉਸਾਰ ਸਕੇ। ਦਲੇਰੀ ਦਾ ਅਰਥ ਹੈ ਕਿ ਉਹ ਆਪਣੇ ਸੁਪਨਿਆਂ ਨੂੰ ਰੂਪ ਦੇਣ ਦੀ ਹਿੰਮਤ ਕਰ ਸਕੇ।

ਜਦੋਂ ਪੁਰਾਣੇ ਮਿਆਰਾਂ ਦੇ ਹੇਠਾਂ ਜਵਾਨ ਜਿੰਦਾਂ ਨੂੰ ਝੁਕਾਇਆ ਜਾਂਦਾ ਹੈ, ਓਦੋਂ ਦੁਨੀਆਂ ਦੀ ਹੋਣੀ ਦਾ ਆਕਾਸ਼ ਵਲ ਜਾਂਦਾ ਸਿਰ ਮਿੱਟੀ ਵੱਲ ਮੁੜ ਜਾਂਦਾ ਹੈ।

ਸਭ ਤੋਂ ਵੱਡਾ ਭਾਈਚਾਰਕ ਤੇ ਰਾਜਸੀ ਕੰਮ ਬੱਚਿਆਂ ਦੀ ਚੰਗੀ ਪਰਵਰਿਸ਼ ਹੈ। ਚੰਗੀ ਪਰਵਰਿਸ਼ ਦਾ ਭਾਵ ਨਿਰਾ ਚੰਗੀ ਖੁਰਾਕ, ਚੰਗੀ ਪੁਸ਼ਾਕ ਤੇ ਮਹਿੰਗੇ ਉਸਤਾਦਾਂ ਦੀਆਂ ਟਿਊਸ਼ਨਾਂ ਰੱਖ ਦੇਣਾ ਨਹੀਂ, ਨਾ ਬਾਈਸਿਕਲ ਤੇ ਗੱਡੀਆਂ ਦੀ ਸਵਾਰੀ ਮੁਹੱਯਾ ਕਰਨਾ ਹੈ। ਇਹ ਸਭ ਕੁਝ ਕਰਨ ਵਾਲੇ ਮਾਪੇ ਵੀ ਕਈ ਵਾਰੀ ਬੱਚਿਆਂ ਦਾ ਸਤਿਆਨਾਸ ਕਰ ਦੇਂਦੇ ਹਨ।

ਅਸਲੀ ਪਰਵਰਿਸ਼ ਉਹਨਾਂ ਦੀ ਜ਼ਿੰਦਗੀ ਵਿਚੋਂ ਡਰ ਕੱਢਣਾ, ਉਹਨਾਂ ਨੂੰ ਤਜਰਬੇ ਕਰਨ ਦੀ ਖੁਲ੍ਹ ਦੇਣਾ, ਉਹਨਾਂ ਉਤੇ ਘਟ ਤੋਂ ਘਟ ਆਪਣੇ ਖਿਆਲਾਂ ਦਾ ਭਾਰ ਪਾਣਾ, ਉਹਨਾਂ ਨੂੰ ਵਧ ਤੋਂ ਵੱਧ ਸੁਤੰਤਰਤਾ ਲੈ ਸਕਣ ਦੇ ਯੋਗ ਬਣਾਨਾ, ਉਹਨਾਂ ਨੂੰ ਆਲੇ-ਦੁਆਲੇ ਦੀ ਵਾਧੂ ਨੁਕਤਾਚੀਨੀ ਤੋਂ ਬਚਾਣਾ ਤੇ ਉਹਨਾਂ ਦੇ ਦਿਲਾਂ ਵਿਚ ਹਾਰ ਦਾ ਅਹਿਸਾਸ ਨਾ ਆਉਣ ਦੇਣਾ ਹੈ। ਕਈ ਗਰੀਬ ਮਾਪੇ ਹਮਦਰਦੀ ਨਾਲ ਆਪਣੇ ਬੱਚਿਆਂ ਦੀ ਜ਼ਿੰਦਗੀ ਵਧੇਰੇ ਪਰਫੁਲਤ ਕਰ ਦੇਂਦੇ ਹਨ। ਜ਼ਿੰਦਗੀ ਦੀਆਂ ਮਾਲੀ ਜ਼ਰੂਰਤਾਂ ਜੇ ਕੁਝ ਘਟ ਵੀ ਪੂਰੀਆਂ ਹੋਣ ਤਾਂ ਏਨਾ ਖਤਰਾ ਨਹੀਂ ਜਿੰਨਾ ਮਾਨਸਿਕ ਜ਼ਰੂਰਤਾਂ ਦੇ ਬੰਧੇਜ ਵਿਚ ਹੁੰਦਾ ਹੈ।

ਬੱਚਿਆਂ ਨੂੰ ਮਾਪਿਆਂ ਦੀ ਚੰਗੇਰੀ ਤੇ ਦਰੁਸਤ ਕੀਤੀ ਹੋਈ ਛਾਪ ਸਮਝਿਆ ਜਾਏ — ਨਾ ਕਿ ਉਹਨਾਂ ਨੂੰ ਸਿਰ ਕੱਜਣ ਜਾਂ ਨਾ ਕੱਜਣ ਵਰਗੀ ਨਿਗੂਣੀ ਗੱਲ ਲਈ ਬੇ-ਆਰਾਮ ਕੀਤਾ ਜਾਏ, ਤੇ ਸਦੀਆਂ ਪੁਰਾਣੀ ਮਰਯਾਦਾ ਦੇ ਸ਼ਿਕੰਜੇ ਵਿਚ ਉਹਨਾਂ ਨੂੰ ਕੱਸਿਆ ਜਾਏ। ਮਰਯਾਦਾ ਬੜੀ ਜ਼ਰੂਰੀ ਹੈ, ਪਰ ਹਰ ਨਸਲ ਨੂੰ ਆਪਣੀ ਮਰਯਾਦਾ ਆਪ ਬਣਾਨ ਦਾ ਪੂਰਨ ਹੱਕ ਹੈ।

## ਗ਼ਜ਼ਲ

### ਮਾਸਟਰ ਕਸ਼ਮੀਰਾ ਸਿੰਘ "ਚਮਨ" ਕੈਲਗਰੀ

ਹਿਜਰ ਤੇਰੇ ਵਿਚ ਕਿਰ ਕਿਰ ਹੰਝੂ ਨੈਣ ਮੇਰੇ ਅੱਜ ਸੁੱਕੇ।
ਆਸਾਂ ਦੇ ਦ ਰਿਆਵਾਂ ਅੰਦਰ, ਨੀਰ ਵਸਲ ਦੇ ਮੁੱਕੇ।

ਉਹ ਵੀ ਸਨ ਖੁਸ਼ਕਿਸਮਤ ਘੜੀਆਂ ਅਨੰਦ ਮਈ ਸਨ ਰੁੱਤਾਂ,
ਹੁਸਨ-ਨਿਆਜ਼ੀ ਚਾਈਂ ਚਾਈਂ ਦਰ ਸਾਡੇ ਸਨ ਢੁੱਕੇ।

ਖੰਡਰ ਧਰਤੀ ਦੀ ਹਿੱਕ ਉਤੇ ਥੋਹਰਾਂ ਦੀ ਸਰਦਾਰੀ,
ਕੰਡਿਆਲੀ ਕਿੱਕਰ ਦੇ ਸੱਜਣਾਂ ਨਾ ਫੁੱਲ ਟਾਹਣੀਂ ਤੁੱਕੇ।

ਮੱਛੀ ਵਾਂਗੂੰ ਲੁਛ ਲੁਛ ਕਰਦੀ ਜਿੰਦੜੀ ਹਿਜਰ ਵਿਗੁੱਤੀ,
ਯਾਰ ਬਿਨਾਂ ਦਿਨ ਸੋਨ ਸੁਨਿਹਰੀ ਦਿਲ ਨੂੰ ਭਾਉਣ ਨਾ ਉੱਕੇ।

ਮਨ ਮਾਲਾ ਦੱਸ ਕਿਵੇਂ ਪਰੋਵਾਂ ਹੋ ਗਈ ਮਣਕਾ ਮਣਕਾ,
ਦਿਲ ਦੀ ਧਰਤੀ ਬਿਖਰੇ ਮੋਤੀ ਕੌਣ ਤੇਰੇ ਬਿਨ ਚੁੱਕੇ।

"ਚਮਨ" ਵੀਰਾਨੇ ਤੋਂ ਹੁਣ ਮੁੱਕੀਆਂ ਮੁੜ ਮਿਲਣ ਦੀਆਂ ਆਸਾਂ,
ਘਸ ਘਸ ਹਾਰੀ ਕਲਮ ਅਸਾਡੀ ਲਿਖ ਲਿਖ ਚਿੱਠੀਆਂ ਰੁੱਕੇ।

### 2.

ਸਦਾ ਜੀਉਂਦਾ ਰਹਾਂ ਮੈਂ ਇਹ ਰੀਝ ਹੈ ਮਨੁੱਖ ਦੀ।
ਪਰ ਦਸ਼ਾ ਇਸ ਦੀ ਹੈ ਜੀਕਣ ਨਦੀ ਕੰਢੇ ਰੁੱਖ ਦੀ।

ਮੈਂ ਹੀ ਮੈਂ, ਬਸ ਮੈਂ ਹੀ ਮੈਂ, ਮੇਰੇ ਤੋਂ ਚੰਗਾ ਕੌਣ ਹੈ?
ਅਗਨ ਹਉਮੈ ਦੀ ਸਦਾ, ਸੀਨੇ 'ਚ ਰੱਖਦਾ ਧੁੱਖਦੀ।

ਦੂਸਰੇ ਦਾ ਦਿਲ ਦੁਖਾਉਣੋਂ ਜੋ ਕਦੀ ਨਹੀਂ ਸੰਗਦਾ,
ਇਕ ਕੌਡੀ ਕਦਰ ਨਹੀਂ ਪੈਂਦੀ ਜ਼ਹਿਰੀਲੇ ਮੁੱਖ ਦੀ।

ਬਾਲ ਉਮਰੇ ਚੁੰਘਿਆ ਨਹੀਂ ਸ਼ੀਰ ਜਨਨੀ ਦਾ ਕਦੀ,
ਉਹ ਭਲਾ ਕੀ ਲਾਜ ਰੱਖ ਸਕਦਾ ਹੈ ਮਾਂ ਦੀ ਕੁੱਖ ਦੀ?

ਬਾਗ ਦੂਜੇ ਦੀ ਖੁਸ਼ੀ ਦਾ ਜੋ ਉਜਾੜੇ ਆਦਮੀ,
ਮੇਟਦਾ ਹੈ ਆਸ ਉਹ ਆਪਣੇ ਸਦੀਵੀ ਸੁੱਖ ਦੀ।

ਵਧ ਰਹੀ ਦਿਨ ਰਾਤ ਚੌਧਰ ਦੀ ਬਿਮਾਰੀ ਵਧ ਰਹੀ,
ਹੱਦ ਮਿਥਣੀ ਹੈ ਕਠਿਨ ਦੁਨੀਆਂ 'ਚ ਐਸੀ ਭੁੱਖ ਦੀ।

ਆਦਮੀਅਤ ਆਦਮੀ ਹੱਥੋਂ ਹੈ ਮਿਟਦੀ ਜਾ ਰਹੀ,
"ਚਮਨ" ਕਿਸ ਨੂੰ ਬੋਲ ਕੇ ਦੱਸਾਂ ਕਹਾਣੀ ਦੁੱਖ ਦੀ।

# ਨੰਦ ਲਾਲ ਨੂਰਪੁਰੀ ਐਵਾਰਡ

ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਵਲੋਂ 1986 ਦੀ ਨੰਦ ਲਾਲ 'ਨੂਰਪੁਰੀ' ਐਵਾਰਡ ਮਾਸਟਰ ਕਸ਼ਮੀਰਾ ਸਿੰਘ "ਚਮਨ" ਕੋਟ ਫਤੂਹੀ ਵਾਲਿਆਂ ਨੂੰ ਉਹਨਾਂ ਦੀਆਂ ਪੰਜਾਬੀ ਬੋਲੀ ਦੇ ਵਾਸਤੇ ਕੀਤੀਆਂ ਗਈਆਂ ਸੇਵਾਵਾਂ ਦੇ ਕਾਰਨ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਇਹ ਐਵਾਰਡ ਅਕਤੂਬਰ ਮਹੀਨੇ ਦੀ ਅਠਾਰਾਂ ਤਰੀਕ ਨੂੰ ਯੂਬਾ ਸਿਟੀ ਯੂ. ਐਸ. ਏ. ਵਿਖੇ ਇਕ ਸਾਹਿਤਕ ਸਮਾਗਮ ਵਿਚ ਦਿਤਾ ਜਾਵੇਗਾ।

"ਚਮਨ" ਸਾਹਿਬ ਹੁਣ ਤੱਕ ਪੰਜਾਬੀ ਬੋਲੀ ਵਿਚ ਸੱਤ ਕਿਤਾਬਾਂ ਲਿਖ ਚੁਕੇ ਹਨ, ਸਾਹਿਤ ਸਭਾ ਵੱਲੋਂ ਬਣਾਈ ਗਈ ਇਕ ਕਮੇਟੀ ਜੋ ਕਿ ਇਹ ਚੋਣ ਕਰਦੀ ਹੈ, ਨੇ ਕਸ਼ਮੀਰਾ ਸਿੰਘ "ਚਮਨ" ਨੂੰ ਦਸ ਉਘੇ ਸਾਹਿਤਕਾਰਾਂ ਵਿਚੋਂ ਚੁਣਿਆ ਹੈ।

ਪੰਜਾਬੀ ਸਾਹਿਤ ਸਭਾ ਦੇ ਸੱਦੇ ਤੇ ਚਮਨ ਸਾਹਿਬ ਇਹ ਐਵਾਰਡ ਲੈਣ ਵਾਸਤੇ ਯੂਬਾ ਸਿਟੀ ਆਉਣਗੇ।

ਮੁਹਿੰਦਰ ਸਿੰਘ ਘੱਗ — ਪ੍ਰਧਾਨ ਜਸਪਾਲ ਸਿੰਘ ਸੂਸ ਜਨਰਲ ਸਕੱਤਰ
ਪੰਜਾਬੀ ਸਾਹਿਤ ਸਭਾ ਯੂਬਾ ਸਿਟੀ, ਯੂ. ਐਸ. ਏ.


## ਦੋ ਕੰਨਿਆਵਾਂ ਦੀ ਲੋੜ ਹੈ

ਇਕ ਲੜਕਾ ਮਸ਼ੀਨਿਸਟ ਇੰਡੀਆ ਵਿਚ ਹੈ, ਦੂਸਰਾ ਲੜਕਾ ਮਸ਼ੀਨਿਸਟ ਕੈਨੇਡਾ ਵਿਚ ਹੈ। ਰਾਮਗੜ੍ਹੀਆ ਸਿੱਖ ਪਰਿਵਾਰ ਗੱਲਬਾਤ ਲਈ ਫੋਨ ਜਾਂ ਚਿੱਠੀ ਪੱਤਰ ਕਰਨ:

519-735-5460
G. Sehmbi
2929 Forest Glade Dr.
Windsor ONT. N8R 1L4

## ਕੰਨਿਆ ਦੀ ਲੋੜ

ਇਕ 32 ਸਾਲਾ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕਾ ਕੰਮ ਤੇ ਲੱਗਾ ਹੋਇਆ ਹੈ ਤੇ 16 ਡਾਲਰ ਘੰਟੇ ਦੇ ਲੈਂਦਾ ਹੈ। ਲੜਕਾ ਕੈਨੇਡੀਅਨ ਸਿਟੀਜ਼ਨ ਹੈ ਤੇ ਜੱਟ ਸਿੱਖ ਪਰਵਾਰ ਨਾਲ ਸਬੰਧਤ ਹੈ। ਤੇ ਕਲੀਨ-ਸ਼ੇਵਨ ਹੈ। ਲੜਕੀ ਇਮੀਗਰੈਂਟ ਜਾਂ ਸਿਟੀਜ਼ਨ ਹੋਵੇ। ਲੜਕਾ ਤਲਾਕਸ਼ੁਦਾ ਹੈ। ਹੋਰ ਜਾਣਕਾਰੀ ਲਈ ਲਿਖੋ

J.S.P.
C/o Canada Darpan
P.O.BOX 67344 Stn. 0
Vancouver, B.C.

## ਕੰਨਿਆ ਦੀ ਲੋੜ

25 ਸਾਲਾ ਟਾਂਕ ਕਸ਼ੱਤਰੀ ਨੌਜਵਾਨ ਜੋ ਕਿ ਪਿਛਲੇ ਪੰਜ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ, ਲੜਕਾ H/Sc. ਪਾਸ ਹੈ, ਕੰਮ ਦੇ ਲੱਗਾ ਹੋਇਆ ਹੈ, ਖੂਬਸੂਰਤ ਹੈ ਲਈ 18 ਤੋਂ 24 ਸਾਲ ਤੱਕ ਦੀ Çanadian Immigrant ਜਾਂ ਕਨੇਡੀਅਨ ਸਿਟੀਜਨ ਲੜਕੀ ਦੀ ਲੋੜ ਹੈ। ਵਿਆਹ ਸਾਦਾ ਤੇ ਜਲਦੀ, ਪੱਤਰ ਵਿਹਾਰ ਲਈ ਲਿਖੋ :—

A.S.
C/o Canada Darpan
P.O.BOX 67344 Stn O
Vancouver, B.C. V5W 3T1




Kuldip S. Jhand

**WHEATON PONTIAC BUICK GMC LTD.**

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.



**BOMBAY SWEETS**
**& Restaurants**
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
*Delicious Indian food*

# PUNJAB CRISIS - Balance On The Scales

This study, as mentioned above, does not make an indepth analysis of the historical events that may have contributed to the contemporary crisis. Such an analysis requires a vigorous, scientific study of historical developments. Nonetheless, a glance at certain historical events indicates that the process of the formation of communal consciousness, although preceded by the assertion of separate religious group identities, started in the pre-Independence period. Such a consciousness was reinforced by the policy of divide and rule adpoted by the British. The communalisation of one group is always related to and feeds on the communalisation of another. Till the 1920s the separate assertion of religious identities did not acquire any manifestly communal form amongst the Punjabis.

The 19th century was characterised by the formation and reinforcement of religious identities. The sense of a new separate religious identity was further sharpened in Punjab province during the 20th century because of the minority complex which gripped all the groups at that time. This was partly due to the reformist movements and their irresponsible literature, and partly due to the British policies which were carefully formulated to divide various groups by using religion and caste differences to pit one against the other.

The process of communalisation was accelerated further when the commercialisation of agriculture and the new system of revenue collection administered by the British, in which land became private property, provided an opportunity to traditional Punjabi Hindu money-lenders to corner the limited benefits. The commercial classes amongst the Hindus got favourable leverage from this system and they started buying land in the rural areas. This transfer and alienation of land from the peasant proprietor created new sources of tension. The British administration at this time introduced the Land Alienation Act, which divided Punjabis into agriculturists and non-agriculturists. The Act affected adversely the economic interests of the Hindu money-lenders. Some of the communalist Hindus interpreted and used this as an attempt at discrimination by the British against them as a religious group. Such an interpretation and usage helped in identifying a reference point and a possible misplaced target of attack in case of perceived discrimination, in a specific situation, along communal lines.

At this juncture, peasant movements were launched against an increase in the water rates on the land irrigated by the Bari Doab Canal and the proposed "Colonization of Land Bill", which strengthened Government control over the Chenab Colony. The above two factors and the Land Alienation Act tended to unite rural and urban Punjabis. Lala Lajpat Rai and Ajit Singh spear-headed a movement against the British in the first decade of the 20th century. The British Government accepted the two demands of the peasant proprietors and, in the process, isolated the urban Hindu money-lenders. The apparent solidarity with their rurual counterparts crumbled under the ruthless repression of the British administration. This development further disillusioned the money-lenders, who were incidently Hindus, and the perceived discrimination provided an opportunity for attempts at furthering communalisation.

In the late 19th and early 20th centuries the growing urge on the part of the emerging middle class for maximising their share in political and economic power and the emergence of reformist movements vitiated the harmonious inter-religious group relations. The steady growth in the number of educated Punjabis searching for employment and the tendency of Government servants to discriminate in favour of their own co-religionists and fellow caste members aggravated the problem.

The communal sentiments were institutionalized through the procesess of boundary definition and maintenance being intensified against each other. Earlier, Hindu reformers had directed communal sentiment against Christianity and Islam, but now it was turned against Sikhism as well. Further, British writers consistently projected Sikhs as having a separate entity and identity. The Arya Samaj leadership, due to its own ideological and circumstantial compulsions, like the communalist Sikhs, could not avoid becoming a victim of British designs to create mistrust and suspicion between the two communal groups. Constitutional developments such as the Morley-Minto Reforms of 1909, the Montague-Chelmsford Reforms of 1919 and the Act of 1935, incorporating priniciples of separate electorates and communal reservations, perpetuated and intensified (in as such as they necessitated competition for the limited elected seats) the communal problem.

The arrival of the Cripps Mission in March, 1942, added another dimension to communal politics. The Akalis found themselves in a dilemma. Until now the Akali Dal did not put forward, or even conceive, the idea of Sikhs having a separate State. But in response to the Cripps Mission it advocated an "Azad Punjab". This demand was raised to counter the claims of the protagonists of Pakistan:

Sikh spokesmen, on the other hand, construed the proposals as conceding Pakistan. In their note they stated that the cause of the Sikh community had been lamentably betrayed by the provision for separation of provinces and the constitution of Pakistan. The note continued : We have lost all hope of receiving any consideration. We shall however ersist by all possible means separation of the Punjab from an all-India Union ....

In June, 1943, Master Tara Singh declared that the boundaries of "Azad Punjab" should be fixed after taking into consideration the population, property, land revenue and historical tradition of each of the "communities". This demand was opposed by several nationalist Sikhs. For instance, Baba Kharak Singh mobilised the Sikhs against this demand and asked them to support the Congress. In 1943 the Akali Dal criticised all those who opposed the demand for "Azad Punjab". A resolution was passed condemning the "Mahasha" Press of Punjab, i.e. newspapers published by leading Arya Samajists, and a frontal attack was also launched against the Hindus in general and the Arya Samajists in particular by some of the Akali leaders. However, at a meeting (August 2, 1944) in Amritsar a resolutiondemanding a Sikh independent sovereign State was rejected as an impossible demand. Sardar Ujjal Singh and Gaini Kartar Singh said explicitly that the "Azad Punjab" scheme was only a counterblast to Pakistan.

The argument that emerges is that although the demand for "Azad Punjab" was raised, it could not prevail because of the role played by the dominance of the ideology of the nationalist freedom movement, including that of the Ghadar Party, the Kuka movement and the Babbar movement, and the positive role played by the Communist Party of India and the Congress.

The adoption of a secular Constitution in India and rapid socioeconimic transformation, leading to modernization, added a new fervour to political, economic and social life. It was a period of rising economic and political expectations. The development of industries, the bulding of infrastructures, the extension of the area under agricultural production, the expansion of education and an increase in employment opportunities were reinforced by leaders with a vision. The agitations and movements of this period were directed to meet the ends of social justice in a restrained and positive manner. Retrogressive and reactionary currents persisted, but could not surface forcefully due to the fact that the economy was full of opportunities and politics had priniciples. For instance this was reflected in the fact that incremental-communalists(Akali Dal, Arya Samaj, Hindu Suraksha Samiti and Jana Sangh) of Punjab were and active force but not a dominant one during this period.

The point which is being highlighted is that the tensions and demands which could be accommodated till the mid-sixties increased in equantity and intensity from the mid-sixties onwards to such a level that it led to a crisis. The period also coincided with the coming to an end of the generation of national leaders which represented a continuity with the traditions of the national movement for independence. For instance, a study indicates that in Punjab, Ministers chosen from among those who participated in the freedom

(contd. at page 19)


S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ


ਦਲਜੀਤ ਸਿੰਘ ਸਿੱਧੂ

Autoplan

RENEW EARLY INSURANCE

* FINANCING AVAILABLE
* SAFE DRIVING DISCOUNT (if eligible)

Ph. 324-5711


ਹਰਦੇਵ ਸਿੰਘ ਗਿੱਲ

324-5711

(contd. from page 18)

movement declined from 82.3 per cent in 1947-51 and 80 per cent in 1952-56 to 6.2 per cent in 1957-66 and 7 per cent in 1967-80. The exit of Partap Singh Kairon as the Chief Minister of Punjab and Pandit Jawaharlal Nehru's death gave a fillip to blatant communal politics and came at a time when the Congress party was devoid of a powerful and popular leader who could have resisted the communalisation of the issue of the re-organisation of the State on a linguistic basis.

However, such a complex reality cannot be comprehended and remedied with the help of a monocausal explanation and solution. It requires a rigorous exercise enquiring into the formation of communal consciousness. An overall view of the political groupings, electoral politics and the economic scenario in Punjab will, however, lead us to an understanding of communalism at its operative and ideological levels.

During the per- 1966 period in Punjab, as in the rest of India, the Plan outlays were directed to the creation of infrastructural facilities and new employment opportunities. Agriculture remained the mainstay of Punjab's economy. Landless labourers and small and middle peasants, asl also big landowners. benefited from the investment in infrastructures, e.g. canals, tubewells, power projects and roads. In terms of sectoral contribution in the pre-1966 period, agriculture contributed to the State Domestic Product 54.01 per cent in 1960-61 and 50.81 per cent in 1965-66. The continued preponderance of the agricultural sector was enabled by the extension of the cropped area during this period. For example, between 1951-54 and 1958-61, the contribution to total output expansion was 70 per cent by an extension of the area cropped, 22 per cent resulting from changes in the cropping pattern and only 8 per cent as a result of increase in crop yield. The cropped area had also increased as a result of various land legislations executed, such as abolition of intermediaries, protection of tenants, redistribution of land through imposition of ceilings and consolidation of holdings. Basically the small and middle peasants were benefited by such legislation while the marginal farmers and landless labourers were incapable of generating resources to buy land. To quote :

The fifties did not go beyond improving the land ownership base of middle level ownership holdings ; land reform measures during this period could not per se improve the ownership position of farms owning has than 10.00 acres or so, presumably because the levels of agricultural incomes did not increase much during this period, and owners of small land area did not possess financial capability to purchase more land. The sixties, under the spurt of rapid technological changes, brought about significant improvements in productivity and income levels of all farm size groups, so that households owning even 2.50 acres could further improve their ownership status.

(to be contd.)

# Letter to the Editor

Dear Editor,

From the coverage of India in newspapers and television, etc. one may get the impression that India is falling apart and that things have gone from bad to worse. However, on our very exciting trip to India, we noticed great progress in every sphere.

Not only is India self-sufficient in food, but she exported over $2 billion U.S. worth of food last year and she has over 30 million tons of food grain surplus. A small state like Punjab with 2% of India's population and 3% of India's agricultural land produces 9% of India's food grain.

There have been tremendous advances in industry. Whereas at the time of independence India was importing even the tiny pin, today she is building steel plants abroad and putting satellites in space. India has put hundreds of factories in 37 different countries including U.S.A., U.K., West Germany, The Nethelands, Switzerland etc.

She has also made giant strides in education, science and technology. India has the third largest scientific and technological manpower in the world next to the U.S.A. and U.S.S.R. Tens of thousands of Indian experts are engaged in development work in Asia, Africa, etc. There are many Indian professionals in the West. In the U.S.A alone there are an estimated 10,000 Indian medical doctors and 100,000 other professionals.

India is perhaps among the few countries in the world where women did not have to fight for the right to vote. Today, millions of women in India are professionals - judges, lawyers, scientists, doctors, engineers, teachers, accountants. There are many women politicians.

At the time of her independence, India had 7,000 medical doctors, today more than 20,000 doctors graduate every year. Life expectancy has almost doubled since independence.

The government's all-out drive for voluntary family planning has brought down the annual birth rate from 50 per 1,000 population to 30 per thousand.

True poverty and under-employment is still there, but on this trip we did not see anyone who was not working and we didn't notice hunger and children with swollen bellies. Mr. W.A. Clausen, World Bank president on his visit to India in August, 1985 praised India's development saga and said "India is an outstanding example of successful international development cooperation."

There is an air of optimism and an upbeat mood in India today. India is on the move.

Yours very truly,
Dr. Sunil K. Chaudhary
Dr. Mahima Chaudhary

JOBS JOBS JOBS JOBS JOBS

# OPPORTUNITY

$ $ $ $ $ $ $ $ $ $ $ $

EARN

**$400 - $1200/month**
PART TIME

**$3000 - $8000/month**
FULL TIME

ਮੌਕੇ ਦਾ ਫਾਇਦਾ ਉਠਾਓ !
ਕਮਾਓ

400 ਡਾਲਰ — 1200 ਡਾਲਰ ਪ੍ਰਤੀ ਮਹੀਨਾ (ਪਾਰਟ ਟਾਈਮ ਕੰਮ ਕਰਕੇ)
3000 ਡਾਲਰ — 8000 ਡਾਲਰ ਪ੍ਰਤੀ ਮਹੀਨਾ (ਪੂਰਾ ਸਮਾਂ ਕੰਮ ਕਰਕੇ)

ਤੁਸੀਂ ਪੰਜਾਬੀ, ਅੰਗਰੇਜ਼ੀ, ਹਿੰਦੀ ਜਾਂ ਗੁਜਰਾਤੀ ਇਕ ਬੋਲੀ ਵੀ ਜਾਣਦੇ ਹੋ ਤਾਂ ਫੋਨ ਕਰੋ :

ਬਲਜੀਤ
ਸਵੇਰੇ 9.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ
ਸੋਮਵਾਰ ਤੋਂ ਸ਼ੁੱਕਰਵਾਰ 733-1644 (Bus.)
ਸ਼ਾਮ 6.00 ਵਜੇ ਤੋਂ 9.00 ਵਜੇ ਤੱਕ
438-3462 (Res.)
ਸ਼ਨਿਚਰਵਾਰ, ਐਤਵਾਰ ਜਾਂ ਛੁੱਟੀਆਂ — 1.00 ਵਜੇ ਤੋਂ 5.00 ਵਜੇ ਤੱਕ
438-3462

For more information call :
BALJEET
9.00 a.m. - 5.00 p.m. Mon. - Fri. 733-1644 (Bus.)
6.00 p.m. - 9.00 p.m. at 438-3462 (Res.)
Sat., Sun. & Holidays
1.00 p.m. to 5.00 p.m. at 438-3462

JOBS JOBS JOBS JOBS JOBS

JOBS | JOBS | JOBS | JOBS | JOBS | JOBS

"Act as though it were impossible to fail, and remember that the only time you fail is the last time you try."

'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address......................................
City............................................
Province.....................................
Postal code.................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................... | 65 dollars |
| Life membership.......... | 300 dollars |
| ASIA.............................. | 100 dollars[a year] |
| U.S.A. ........................... | 30 dollars [a year] |
| Europe ........................... | 100 dollars[a year] |
| Africa ............................ | 100 dollars [a year] |

# MOGUL GARDENS

## R·E·S·T·A·U·R·A·N·T



## Biggest In The Town

### Most Affordable Restaurant In Indian Cuisine

*Combination of Classical Indian Food & Good Service*

Speciality Foods being baked in a charcoal clay-oven 'The Tandoor' is its perfection and flavour

Gourmet Varities include Butter Chicken, Vegetarian foods, Sea food and Meat, Curries, Nan and Paraunthe.

**Luncheon - Buffet - Weekdays**
**Brunch - Weekends**
**Dinner - Parties**
**Outdoor Catering and Take out Services**

*Free Parking After 6 p.m.*

**Mogul Gardens Restaurant**
801 - Beach Ave.
Vancouver, B.C.
Ph. 684-5886

